ਬਲਬੀਰ ਸਿੰਘ ਸੰਘਾ ਅੰਦਰ ਕਾਵਿ-ਸੋਮਾ ਉਸ ਦੀ ਉਮਰ ਦੇ ਤੀਜੇ ਪਹਿਰ ਵਿਚ ਜ਼ੋਰਦਾਰ ਵੇਗ ਨਾਲ ਫੁੱਟਿਆ। ਇਸ ਕਾਵਿ-ਸਿਰਜਣ ਦੇ ਪਿਛੋਕੜ ਵਿਚ ਕਾਰਜਸ਼ੀਲ ਵੇਦਨਾ, ਸੰਵੇਦਨਾ, ਸੰਭਾਵਨਾ, ਆਸ਼ਾ-ਨਿਰਾਸ਼ਾ, ਤਾਂਘਾਂ ਰਮਜ਼ਾਂ, ਹਿਜਰ-ਵਸਲ ਅਤੇ ਬਣਦੇ-ਬਿਨਸਦੇ ਖ਼ਿਆਲਾਂ ਦੀ ਸੰਘਣੀ ਭਰਮਾਰ ਇਕ ਅਜਿਹੇ ਸੁਹਿਰਦ, ਸੂਝਵਾਨ ਇਨਸਾਨ ਦੀ ਪ੍ਰਤਿਨਿਧਤਾ ਕਰਦੀ ਹੈ ਜਿਸ ਵਿਚ ਦੇਹੀ-ਨਾਦ ਦੇ ਨਾਲ-ਨਾਲ ਮਨ ਦੇ ਤਲ 'ਤੇ ਸੂਖਮ ਤਰੰਗਾਂ ਦੀ ਕਾਂਗ ਚੜ੍ਹਦੀ ਹੈ। ਕਵੀ-ਮਨ ਦੇ ਸਾਗਰ ਵਿਚ ਇਹ ਨਿੱਕੀਆਂ ਪਰ ਡੂੰਘੇ ਅਰਥਾਂ ਵਾਲੀਆਂ ਕਵਿਤਾਵਾਂ ਲਹਿਰਾਂ ਵਾਂਗ ਉੱਠਦੀਆਂ ਪ੍ਰਤੀਤ ਹੁੰਦੀਆਂ ਹਨ ਜਿਹੜੀਆਂ ਕਾਵਿ-ਮਨ ਅੰਦਰ ਸਮਾ ਜਾਂਦੀਆਂ ਹਨ ਤੇ ਕਦੀ ਸੁਨਾਮੀ ਬਣ ਗੁੱਸਿਆਂ, ਗਿਲਿਆਂ, ਰੋਸਿਆਂ, ਸ਼ਿਕਵਿਆਂ, ਤਾਹਨਿਆਂ, ਮਿਹਣਿਆਂ, ਬੋਲਾਂ-ਕੁਬੋਲਾਂ ਨੂੰ ਰੋੜ੍ਹ ਲਿਜਾਂਦੀਆਂ ਹਨ। ਇਉਂ, 'ਪ੍ਰੇਮ ਕਣੀਆਂ' ਰਾਹੀਂ ਆਪਣੇ ਸੱਜਣ ਲਈ ਪਿਆਰ, ਸਤਿਕਾਰ ਤੇ ਨੇਕ-ਨੀਤੀ ਦਾ ਸਾਫ਼-ਸਵੱਛ ਉੱਚਾ ਉੱਠਦਾ ਹੋਇਆ ਝਰਨਾ ਨਿਵਾਣਾਂ ਵਲ ਵਹਿੰਦਾ ਹੈ। ਸਿਖਰਾਂ ਦੀ ਨਿਮਰਤਾ ਦੇ ਝਲਕਾਰੇ ਮਾਰਦਾ ਹੈ। ਇਹ ਪ੍ਰਵਾਹ ਇਸ਼ਕ ਮਿਜਾਜ਼ੀ ਤੋਂ ਇਸ਼ਕ ਹਕੀਕੀ ਦਾ ਪੈਂਡਾ ਤਹਿ ਕਰਦਾ ਹੈ।



ਦੂਜੀ ਹਕੀਕਤ ਹੈ 'ਓਹਲੇ ਵਿਚ ਉਜਿਆਰਾ'। ਤੇ 'ਪ੍ਰੇਮ ਕਣੀਆਂ' ਬਹੁਤ ਹੀ ਨਜ਼ਦੀਕੀ ਦੇ ਵਿਛੋੜੇ ਦੇ ਸੱਲ ਉਤੇ ਫੁਹਾਰ ਹੈ, ਮਲ੍ਹਮ ਹੈ। ਅਕੀਦਤ ਦਾ ਪ੍ਰਗਟਾਵਾ ਹੈ। ਬੇਪ੍ਰਵਾਹੀ ਵਿਚ ਗੁਆਚ ਗਏ ਪਲਾਂ ਪ੍ਰਤਿ ਪਛਤਾਵਾ ਹੈ। ਸੱਚ ਤੇ ਸੁਚਤਮ ਦੀ ਮੂਰਤ ਦੇ ਨਕਸ਼ਾਂ ਦੀ ਮੁੜ-ਤਲਾਸ਼ ਹੈ। ਕਦੇ ਨੇੜਤਾ ਤੇ ਕਦੇ ਦੂਰ ਦੇ ਪੰਧ ਪਏ ਸਾਥੀ-ਪਾਂਧੀ ਲਈ ਕਾਵਿ-ਉਡਾਰੀ ਰਾਹੀ ਲੰਮੀਆਂ ਪਰਵਾਜ਼ਾਂ ਹਨ, ਇਹ ਕਵਿਤਾਵਾਂ। ਬਿਨਾਂ ਖੰਭਾਂ ਦੇ ਉਡਦੇ ਕਵੀ-ਮਨ ਦੀਆਂ ਮਜਬੂਰੀਆਂ, ਦੁਸ਼ਵਾਰੀਆਂ ਦੀ ਲੰਮੀ ਦਾਸਤਾਨ ਹੈ ਜਿਹੜੀ ਪਲ ਵਿਚ ਤੋਲਾ ਤੇ ਪਲ ਵਿਚ ਮਾਸਾ ਹੁੰਦੀ ਨਜ਼ਰ ਆਉਂਦੀ ਹੈ। ਪਲ-ਪਲ ਕਵੀ ਅੰਦਰ ਹੁੰਦੀ ਟੁੱਟ-ਭੱਜ, ਇਕਾਗਰ ਬਿਰਤੀ ਉਤੇ ਵੱਦਾਣੀ ਸੱਟ, ਜਿਹੜੀ ਕਿਤੇ ਵੈਣ ਪਾਉਂਦੀ ਹੈ ਤੇ ਕਿਤੇ ਆਪਣੀ ਲੈਅ 'ਚ ਸੁਰਬੱਧ ਹੈ। ਕਿਤੇ ਚੇਤਨ ਤੇ ਕਿਤੇ ਅਵਚੇਤਨ ਵਿਚ ਅਧੂਰੀਆਂ ਖਾਹਿਸ਼ਾਂ ਦਾ ਪ੍ਰਗਟਾ ਪ੍ਰਤੀਤ ਹੁੰਦੀਆਂ ਹਨ। ਦਰਅਸਲ, ਇਹ ਜੀਵਨ-ਸਾਥੀ ਪ੍ਰਤਿ ਸਮਰਪਣ ਭਾਵਨਾਵਾਂ ਦਾ ਸਮੂਹ ਹਨ।

ਜੀਵਨ-ਸਾਥੀ ਦੇ ਸਦੀਵੀ ਵਿਛੋੜੇ ਦੇ ਅਕਹਿ ਤੇ ਅਸਹਿ ਸਦਮੇ ਦੇ ਗੁੰਦਵੇਂ ਸਿੱਟੇ ਦਾ ਸਬੱਬ ਹਨ 'ਪ੍ਰੇਮ ਕਣੀਆਂ'। ਬਲਬੀਰ ਸਿੰਘ ਸੰਘਾ ਨੇ ਦਰਦ ਵਿਛੋੜੇ ਦੇ ਹਾਲ ਵਾਸਤੇ ਕਾਵਿ-ਪੰਧ ਚੁਣ ਕੇ ਜਿੱਥੇ ਸਿਰਜਣਾ ਸਦਕਾ ਸਿਜਦਾ ਕੀਤਾ ਹੈ ਉਥੇ ਸਕੂਨ ਹਾਸਿਲ ਕਰਨ ਲਈ ਸਾਹਿਤ-ਸੰਸਾਰ ਵਿਚ ਨਿੱਗਰ ਪੈਰ ਧਰਿਆ ਹੈ। ਹਥਲੀ ਕਾਵਿ-ਪੁਸਤਕ ਦਾ ਸਵਾਗਤ ਇਸ ਉਮੀਦ ਨਾਲ ਕਿ ਬਲਬੀਰ ਸਿੰਘ ਸੰਘਾ ਆਉਂਦੇ ਸਮੇਂ 'ਚ ਸਮਾਜਕ ਸਰੋਕਾਰਾਂ ਵਾਲੀ ਨਿੱਗਰ ਰਚਨਾ ਨਾਲ ਸਭਨਾਂ ਦੇ ਸਨਮੁਖ ਹੋਣਗੇ।

-ਬਲਬੀਰ ਮਾਧੋਪੁਰੀ


**ਆਰਸੀ ਪਬਲਿਸ਼ਰਜ਼**
51, ਪਰਦਾ ਬਾਗ਼, ਦਰਿਆਗੰਜ,
ਨਵੀਂ ਦਿੱਲੀ-110002
Ph. : 011-23280657, 9811225358
E-mail : arseepublishers@rediffmail.com

ISBN 818299576-0
9788182995765


ਪ੍ਰੇਮ ਕਣੀਆਂ

ਬਲਬੀਰ ਸਿੰਘ ਸੰਘਾ

# ਪ੍ਰੇਮ ਕਣੀਆਂ

## ਬਲਬੀਰ ਸਿੰਘ ਸੰਘਾ



# ਪ੍ਰੇਮ ਕਣੀਆਂ

# ਪ੍ਰੇਮ ਕਣੀਆਂ

ਬਲਬੀਰ ਸਿੰਘ ਸੰਘਾ

ਆਰਸੀ ਪਬਲਿਸ਼ਰਜ਼

**ਪ੍ਰੇਮ ਕਣੀਆਂ (Prem Kaniyan)**

by **Balbir Singh Sangha**
H. NO. 10960 - 142B street
Surrey BC CANANDA V3R3L8
E-mail : bssangha_adv@hotmail.com
Ph. 604-518-8190

Arsee Publishers, 51 Parda Bagh, Darya Ganj, New Delhi-2
Websitehttp : www.arseepublishers.com
Email : arseepublishers@rediffmail.com

*All rights reserved. No part of this Publication may be reproduced, stored in a retrieval system, or transmitted in any form or by any means, electronic, mechanical, photocopying recording or otherwise without prior permission in writing from both Author and Publisher.*

ISBN: 978-81-8299-577-2

© ਲੇਖਕ, 2023

ਪ੍ਰਕਾਸ਼ਕ : **ਆਰਸੀ ਪਬਲਿਸ਼ਰਜ਼,** 51 ਪਰਦਾ ਬਾਗ਼, ਦਰਿਆ ਗੰਜ,
ਨੇੜੇ ਪੈਟਰੋਲ ਪੰਪ, ਨਵੀਂ ਦਿੱਲੀ-110002
ਫ਼ੋਨ : 23280657, 80767-49930
Email : arseepublishers@rediffmail.com

ਪ੍ਰਿੰਟਰ : **ਆਰਸੀ ਪ੍ਰਿੰਟਰਜ਼,**
ਦਰਿਆ ਗੰਜ, ਨਵੀਂ ਦਿੱਲੀ-110002
ਸੈਟਿੰਗ : (ਤੇਗ਼ ਕੰਪਿਊਟਰ) ਦਿੱਲੀ-9

ਕੀਮਤ : 200/- ਰੁਪਏ

ਜੀਵਨ ਦੇ ਰੰਗ 'ਹਰਭਜਨ' ਨੂੰ
ਜਿਸ ਦੇ ਸੰਗ
ਮੈਂ ਬੇਰੰਗ ਰੰਗਿਆ ਗਿਆ।

# ਤਤਕਰਾ

## ਭਾਗ ਪਹਿਲਾ


ਬਚਨਾਰੰਭ: ਪ੍ਰੇਮ ਕਣੀਆਂ: ਮੇਰੇ ਮਨ ਦੇ ਵਿਚਾਰ 11
1. ਆ ਵੇ ਹੁਸਨਾ 21
2. ਤੈਥੋਂ ਬਾਅਦ 21
3. ਕਈ ਬਰਸ ਗੁਜਰੇ 21
4. ਜਾਂ ਉਡੀਕਾਂ 22
5. ਭਟਕੇ ਹੁਸਨ 22
6. ਗੱਲ ਤਾਂ ਕਰੀਏ 23
7. ਉੱਠ ਉੱਠ ਤੱਕਾਂ 24
8. ਜੀਭਾ ਮੇਰੀ 24
9. ਮੈਂ ਤੈਨੂੰ ਪਾਇਆ 25
10. ਮੇਰਾ ਵੀ ਤੈਨੂੰ 25
11. ਸੁੱਤ-ਅਨੀਂਦੇ 26
12. ਜੇ ਤੈਂ ਪ੍ਰੀਤੀ ਲੋੜ 27
13. ਵਾਸ਼ਨਾ ਸੜਦੀ 27
14. ਹੁਸਨਾਂ ਦੀ ਭਾਈਵਾਲੀ 28
15. ਕਦ ਸੱਜਣ ਆ ਬੁਲਾਵੇ 28
16. ਆਸੇ ਪਾਸੇ 28
17. ਸੱਜਣ ਵਿਚ ਕਲਾਵੇ 29

| | | |
|---|---|---|
| 18. | ਬਚਪਨ ਦੀ ਯਾਦ | 30 |
| 19. | ਗੁੱਸਾ ਤੈਥੋਂ | 30 |
| 20. | ਮਿਲਣ ਤਾਂਘ | 31 |
| 21. | ਤੈਂ ਮਿਲਣ ਜੀਅ ਧਾਂਵਦਾ | 31 |
| 22. | ਅੱਜ ਤਕ | 32 |
| 23. | ਮੇਰੀ ਅਰਜ਼ | 32 |
| 24. | ਆਇਆ ਜੋਬਨ | 33 |
| 25. | ਮਾਣ ਤਾਣ ਮੇਰਾ | 33 |
| 26. | ਪਿਆਰ ਦੇ ਵੇਹੜੇ | 34 |
| 27. | ਬੋਲ ਪਪੀਹਾ | 35 |
| 28. | ਕਿੱਥੋਂ ਆਇਆ | 35 |
| 29. | ਸੱਜਣਾ ਹੱਥ ਕਲਾਈ | 36 |
| 30. | ਵਾਂਗ ਤੰਦੂਰ | 37 |
| 31. | ਆਸ਼ਕ ਰੂਪ ਬਦਲਿਆ | 37 |
| 32. | ਤੇਰੇ ਸਾਹਾਂ ’ਚ ਜੀਊਣਾ | 37 |
| 33. | ਤੇਰੀ ਮੇਰੀ ਖੇਡ ਨਿਰਾਲੀ | 38 |
| 34. | ਸੱਜਣਾ ਪ੍ਰੀਤ ਇਲਾਹੀ | 39 |
| 35. | ਬੇਪ੍ਰਵਾਹੀ ਵੇਹੜੇ | 39 |
| 36. | ਚਿੰਤਾ ਲਾਹ ਲਈਏ | 39 |
| 37. | ਸਾਂਝ ਦਿਲਾਂ ਦੀ | 40 |
| 38. | ਨਾ ਸਾਨੂੰ ਤੜਫਾਓ | 40 |
| 39. | ਤੇਰੇ ਪ੍ਰੇਮ ਬਾਣ ਦਾ | 41 |
| 40. | ਸੱਜਣਾ ਬਾਝ ਹਨੇਰਾ | 42 |
| 41. | ਇਸ਼ਕ ਸਕੂਲੀਂ ਆਇਆ | 42 |

42. ਤੈਂ ਕੀ ਖੱਟਿਆ 42
43. ਮੈਨੂੰ ਝਾਤ ਬੁਲਾਵੇਂ 43
44. ਜ਼ੁਲਫ਼ਾਂ ਦੀ ਛਾਵੇਂ 43
45. ਆ ਹੁਸਨੀਂ ਇਸ਼ਕ ਵੰਡਾ ਲਈਏ 44
46. ਰਚਨਾ ਦਾ ਹਰ ਰੂਪ 44
47. ਸਾਨੂੰ ਹੋਰ ਨਾ ਕੋਈ ਬਿਮਾਰੀ 45
48. ਇਸ਼ਕ ਦੀ ਸੂਲੀ 45
49. ਧਰਤੀ ਕਾਂਬਾ ਛਿੜ ਪਿਆ 45
50. ਸਬਰ ਦੇ ਆਂਗਣ 45

## ਭਾਗ ਦੂਜਾ

51. ਹੈ ਜੀਵਨ ਸੁਹਾਵਣਾ 49
52. ਤੇਰਾ ਮੇਰਾ ਮਿਲਣ ਤਾਂ 49
53. ਆਪਾਂ ਤਾਂ ਰੁਲੀਆਂ ਸ਼ਖ਼ਸੀਅਤਾਂ 50
54. ਤੂੰ ਮੇਰੀ—ਮੈਂ ਤੇਰੀ 50
55. ਮੈਂ ਕੀ—ਤੂੰ ਕੀ 51
56. ਕਰ ਇਕਰਾਰ ਪਿਆਰ ਦਾ 51
57. ਤੇਰੇ ਆਉਣ ਨਾਲ 52
58. ਮੇਰੇ ਬੱਚੇ 52
59. ਮੈਨੂੰ ਮੇਰੀ ਬੇਪ੍ਰਵਾਹੀ ਨੇ ਮਾਰਿਆ 52
60. ਸਾਡੇ ਬੱਚੇ 53
61. ਅੱਧੋਂ ਵੱਧ ਦੀ 54
62. ਸੱਚ ਆਖਾਂ 54
63. ਜਿਵ ਚਾਹੋ 54
64. ਮੇਰਾ ਸੱਤ 55

65. ਤੈਨੂੰ ਮੇਰੀਆਂ ਗੱਲਾਂ ਨੇ ਮਾਰਿਆ 55
66. ਕੇਹਾ ਜੋਗ ਹੈ 57
67. ਤੂੰ 57
68. ਮੈਂ 51

## ਭਾਗ ਤੀਜਾ

69. ਨੂਰ ਸੀ—ਕੋਹਤੂਰ ਸੀ 61
70. ਕੁਛ ਕਿਹਾ ? 64
71. ਆਲੀਸ਼ਾਨ ਮਕਾਨ 68
72. ਨੂਰੋ-ਨੂਰ ਹੋ ਗਈ 70

# ਬਚਨਾਰੰਭ
## ਪ੍ਰੇਮ ਕਣੀਆਂ: ਮੇਰੇ ਮਨ ਦੇ ਵਿਚਾਰ

ਬਲਬੀਰ ਸਿੰਘ ਸੰਘਾ ਨੇ ਆਪਣੀ ਛਪਣ ਅਧੀਨ ਪੁਸਤਕ 'ਪ੍ਰੇਮ ਕਣੀਆਂ' ਦੀ ਕਾਪੀ ਮੈਨੂੰ ਭੇਜੀ ਹੈ ਕਿ ਮੈਂ ਇਸ ਵਿਚਲੀ ਰਚਨਾ ਬਾਰੇ ਆਪਣੇ ਵਿਚਾਰ/ ਪ੍ਰਭਾਵ ਅਭੀਵਿਅਕਤ ਕਰਾਂ। ਮੇਰੀ ਸੋਚ ਅਨੁਸਾਰ ਇਹ ਕਾਰਜ ਬਹੁਤ ਸੰਵੇਦਨਸ਼ੀਲ ਅਤੇ ਕਠਨ ਹੁੰਦਾ ਹੈ, ਕਿਉਂਕਿ ਹਰ ਇਨਸਾਨ ਦੀ ਜ਼ਿੰਦਗੀ ਵਿੱਚ ਕਦੇ ਨਾ ਕਦੇ ਕੁੱਝ ਅਜਿਹੇ ਆਸ਼ਾਵਾਦੀ ਜਾਂ ਨਿਰਾਸ਼ਾਵਾਦੀ ਭਾਵਨਾਵਾਂ ਦਾ ਵਰਤਾਰਾ ਹੋ ਚੁੱਕਿਆ ਹੁੰਦਾ ਹੈ ਜਾਂ ਹੋ ਰਿਹਾ ਹੁੰਦਾ ਹੈ ਕਿ ਉਹ ਹਾਲਾਤ ਗਾਹੇ-ਬਗਾਹੇ ਉਹਦੇ ਮਨ ਦੀ ਸਰਦਲ 'ਤੇ ਆ ਦਸਤਕ ਦਿੰਦੇ ਰਹਿੰਦੇ ਹਨ, ਜਿਸ ਦੇ ਪ੍ਰਤੀਕਰਮ ਉਹ ਇਨ੍ਹਾਂ ਜਜ਼ਬਾਤੀ ਪਲਾਂ ਨੂੰ ਅਚੇਤ ਜਾ ਸੁਚੇਤ ਰੂਪ ਵਿਚ ਸ਼ਬਦਾਂ ਦੀ ਓਟ ਲੈ ਕੇ ਸਾਹਿਤ ਦੇ ਕਿਸੇ ਰੂਪ ਵਿੱਚ ਢਾਲ ਦਿੰਦਾ ਹੈ-- ਜੋ ਉਸ ਵਿਅਕਤੀ ਦੀ ਰੁਚੀ ਜਾਂ ਮੁਹਾਰਤ 'ਤੇ ਨਿਰਭਰ ਕਰਦਾ ਹੈ। ਇਸ ਖਿਆਲ ਨੂੰ, ਮੈਂ ਮਨ ਵਿੱਚ ਰੱਖਦਿਆਂ ਕੋਸ਼ਿਸ਼ ਕੀਤੀ ਹੈ ਕਿ ਆਪਣੀ ਤੁੱਛ ਬੁੱਧ ਅਨੁਸਾਰ, ਇਸ ਕਾਵਿ-ਰਚਨਾ ਦਾ ਸਹੀ ਮੁਲਾਂਕਣ ਕਰਨ ਦਾ ਯਤਨ ਕਰਾਂ।

ਪੁਸਤਕ ਪੜ੍ਹਨ ਉਪਰੰਤ ਮੈਨੂੰ ਮਹਿਸੂਸ ਹੋਇਆ ਕਿ ਕਵੀ ਦੀ ਸ਼ਾਇਰੀ, ਜ਼ਿੰਦਗੀ ਦੇ ਸਾਰੇ ਤੱਤਾਂ, ਸਾਰੇ ਸੁਆਦਾਂ ਅਤੇ ਸਾਰੀਆਂ ਰੁੱਤਾਂ ਦੇ ਮਾਣਨ ਨਾਲ ਭਰਪੂਰ ਹੈ। ਕਵਿਤਾ ਦਾ ਬਹੁਤਾ ਸਬੰਧ ਪਿਆਰ ਅਤੇ ਇਸ ਦੇ ਪ੍ਰਤੀਕਰਮ ਤੋਂ ਉਪਜੇ ਹਾਲਾਤ ਦਾ ਜ਼ਿਕਰ ਕੀਤਾ ਮਿਲਦਾ ਹੈ। ਉਸ ਦੀ ਬੇਚੈਨ ਉਤਸੁਕਤਾ, ਯਾਦਾਂ 'ਚੋਂ ਸੁਪਨਿਆਂ ਦੇ ਨਕਸ਼ ਲੱਭਣੇ ਹੀ ਸਿਰਜਨ ਪ੍ਰਕਿਰਿਆ ਦਾ ਕਾਰਨ ਬਣੇ ਹਨ। ਇਹ ਕਾਰਨ ਹੀ ਵਿਸ਼ਿਆਂ ਦੀ ਵਿਭਿੰਨਤਾ ਅਤੇ ਉਨ੍ਹਾਂ ਦੇ ਪ੍ਰਭਾਵ ਹੇਠ ਰਹਿੰਦਿਆਂ ਵੀ ਉਸ ਨੇ ਆਪਣਾ ਨਿਵੇਕਲਾ ਢੰਗ ਅਪਣਾਇਆ ਹੈ। ਹੰਝੂਆਂ ਨੂੰ ਸਤਰੰਗੀ ਪੀਂਘ ਦੇ ਹੂਟਿਆਂ ਵਿਚ ਬਦਲਣ ਦਾ ਹੁਨਰ ਉਸ ਕੋਲ ਹੈ ਅਤੇ ਇਹੀ ਖ਼ੂਬਸੂਰਤੀ, ਉਸ ਦੀ ਕਾਵਿ ਦੀ ਵਿਲੱਖਣਤਾ ਦਾ ਸਬੂਤ ਹੈ। ਉਹ ਕਵਿਤਾ ਵਿਚ ਅਲੰਕਾਰਾਂ ਦੇ ਸੁਹਜ ਦਾ ਇੱਕ ਨਵਾਂ ਤੇ ਨਿਵੇਕਲਾ

ਦ੍ਰਿਸ਼ ਸਿਰਜਦਾ ਹੈ, ਜਿਸ ਕਾਰਨ ਕਵਿਤਾ ਦੀ ਸ਼ੈਲੀ ਆਧੁਨਿਕਤਾ ਦਾ ਸ਼ਿੰਗਾਰ ਬਣ ਕੇ ਸਾਡੀਆਂ ਅੱਖਾਂ ਅੱਗੇ ਵੱਖੋ-ਵੱਖਰੇ ਰੂਪ ਦਿਖਾਉਂਦੀ ਜਾਪਦੀ ਹੈ।

ਉਸ ਦੀਆਂ ਕਵਿਤਾਵਾਂ ਨੂੰ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਸਾਡੇ ਮਨ ਦੇ ਜਜ਼ਬਾਤ, ਭਾਵਨਾਵਾਂ ਅਤੇ ਵਿਚਾਰਾਂ ਵਿਚ ਗੰਭੀਰਤਾ ਦੀਆਂ ਲਹਿਰਾਂ ਉਤਪੰਨ ਹੋ ਰਹੀਆਂ ਹੋਣ ਅਤੇ ਉਹ ਸਾਡੀ ਸੋਚ ਨੂੰ ਆਪਣੇ ਨਾਲ ਤੋਰਨ ਦੇ ਸਮਰੱਥ ਹੈ। ਉਸ ਨੇ ਅਤੀਤ ਦੀਆਂ ਯਾਦਾਂ ਦੇ ਦੁੱਖਾਂ ਤੋਂ ਬਾਹਰ ਆਉਣ ਦੀ ਪ੍ਰਕਿਰਿਆ ਨੂੰ ਸਫਲਤਾਪੂਰਵਕ ਨਜਿੱਠਣ ਦੀ ਕੋਸ਼ਿਸ਼ ਕੀਤੀ ਹੈ, ਜੋ ਸਲਾਹੁਣ ਯੋਗ ਹੈ।

ਇਹ ਪੁਸਤਕ ਉਸਦੀ ਪਿਆਰੀ (ਸਵਿ.) ਪਤਨੀ ਨੂੰ ਸਮਰਪਿਤ ਹੈ। ਇਸ ਵਿੱਚ ਉਸਨੇ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਹੈ ਕਿ ਹੱਥਲੀ ਰਚਨਾ ਦਾ ਪਹਿਲਾ ਅਤੇ ਤੀਜਾ ਭਾਗ ਮਿਲਣ ਅਤੇ ਵਿੱਛੜਣ ਦੇ ਸੰਜੋਗ-ਵਿਯੋਗ ਦਾ ਹੁਲਾਸ ਹੈ, ਜਦ ਕਿ ਦੂਜਾ ਭਾਗ ਜੀਵਨ ਦੇ ਝੱਲੇ ਠੱਕੇ ਅਤੇ ਮਾਣੇ ਠੰਢੇ-ਤੱਤੇ ਬੁੱਲੇ ਹਨ।

ਉਪ੍ਰੋਕਤ ਕਥਨ ਦੇ ਆਧਾਰ 'ਤੇ ਵੀ ਜੇ ਦੇਖਿਆ ਜਾਵੇ ਤਾਂ ਇਸ ਪੁਸਤਕ ਦੀਆਂ ਕਾਵਿ-ਰਚਨਾਵਾਂ ਪਿਆਰ ਦੇ ਆਲੇ-ਦੁਆਲੇ ਹੀ ਘੁੰਮ ਰਹੀਆਂ ਹਨ, ਜਿਸ ਵਿੱਚ ਮੇਲ-ਮਿਲਾਪ, ਬ੍ਰਿਹਾ, ਭਟਕਣਾ, ਆਪਣੀ ਹੋਂਦ ਦੀ ਭਾਲ ਆਦਿ ਵਿਸ਼ਿਆਂ ਨੂੰ ਅਹਿਸਾਸ ਦੀ ਗਹਿਰਾਈ ਨਾਲ ਛੋਇਆ ਹੋਇਆ ਹੈ।

ਇਸ ਖ਼ਿਆਲ ਦੀ ਪ੍ਰੋੜ੍ਹਤਾ ਪਹਿਲੀ ਨਜ਼ਮ ਵਿੱਚ ਦੇਖੀ ਜਾ ਸਕਦੀ ਹੈ:

'ਆ ਵੇ ਹੁਸਨਾ ਇਸ਼ਕ ਮਿਲਾਵਾਂ, ਭਟਕਣਾ ਤੇਰੀ ਮੁੱਕੇ। ਇਹ ਮਿਲਾਪ ਤਾਂ ਡਾਢੇ ਦਿੱਤਾ, ਮਾਨਸ ਜੀਵਨ ਰੁੱਤੇ।'

ਅਤੇ ਕਵੀ ਬ੍ਰਿਹਾ ਦੀ ਉਡੀਕ ਵਿਚ ਸਿਰਜਣਹਾਰ ਨੂੰ ਤਾਹਨੇ, ਮਿਹਣੇ ਦੇਣੋਂ ਵੀ ਘੱਟ ਨਹੀਂ ਗੁਜ਼ਾਰਦਾ:

'ਪਲ ਵਿਚ,/ ਜ਼ਾਹਰ ਵਿਖਾ ਦਿੱਤਾ,/ ਭਟਕਣਾ ਮੁੱਕੀ-।' (ਪੰਨਾ 22)

ਉਹ ਆਪਣੇ ਜੀਵਨ ਦਾ ਮਕਸਦ ਕੇਵਲ ਇਸ ਹੱਦ ਤੱਕ ਸਮਝਦਾ ਹੈ:

'ਭਟਕੇ ਹੁਸਨ' ਵਿੱਚ '-- ਹੁਸਨ ਇਸ਼ਕ ਮੇਲ ਜੇ ਹੋਵੇ,/ ਤਾਂ ਹੀ ਸਫ਼ਲ ਕਮਾਈ।' (ਪੰਨਾ 23)

'ਜਾਂ ਉਡੀਕਾਂ'-- /ਤਾਂ ਸਬਰ ਸੀ/ ਜਦ ਤੜਫ ਉਠਦੀ, / ਕੋਸਦਾ ਸਾਂ/ ਰਚਨਹਾਰ ਨੂੰ।- - - ਰਹਿਮਤ ਹੋਈ, - - - ਤੈਂ ਵਿਚ ਮੈਨੂੰ/ ਆਪਾ ਦਿਖਾ ਦਿੱਤਾ।

ਇਸ ਤੋਂ ਅੱਗੇ ਉਹ ਦੱਬਵੀਂ ਸੁਰ ਵਿੱਚ ਕਵਿਤਾ 'ਉੱਠ-ਉੱਠ ਤੱਕਾਂ' ਵਿੱਚ ਸੂਫ਼ੀ ਪਿਆਰ ਦਾ ਵਰਣਨ ਇਸ ਤਰ੍ਹਾਂ ਕਰਦਾ ਹੈ:

'ਉੱਠ ਉੱਠ ਤੱਕਾਂ ਤਾਂ ਤੈਨੂੰ ਦੇਖਾਂ,/ ਦੂਜਾ ਨਜ਼ਰ ਨਾ ਆਵੇ।/ ਆਪਣੀ ਹੋਂਦ ਛੁਪ ਗਈ ਕਿਧਰੇ,/ ਮੈਨੂੰ ਸਮਝ ਨਾ ਆਵੇ।

ਨਿਕਲ ਹਨੇਰ ਚਾਨਣੇ ਤੱਕਾਂ,/ ਤੈਂ ਵਿਚ ਮੈਂ ਸਮਾਵੇ।' (ਪੰਨਾ 24) ਜਾਂ 'ਇਕੋ ਹੂਕ ਕਲੇਜੇ ਉਠੇ/ ਕਦ ਸੱਜਣ ਆਣ ਬੁਲਾਵੇ।' (ਪੰਨਾ 28)

ਦਿਲ ਵਿੱਚ ਲੱਗੀ ਅਜਿਹੀ ਅੱਗ ਦਾ ਨਾਮ ਹੈ -'ਸੂਫੀਆਣਾ ਇਸ਼ਕ ਦੇ ਰੰਗ ਦੀ ਅੱਗ', ਜੋ ਦੋ ਪ੍ਰੇਮੀਆਂ ਦੇ ਦਿਲਾਂ ਅਤੇ ਸੀਨਿਆਂ ਵਿੱਚ ਬਲਦੀ ਹੈ ਅਤੇ ਖੁਦਾ ਤੱਕ ਪਹੁੰਚ ਕਰਦੀ ਹੈ। ਰੰਗ-ਮਜ਼ਾਜੀ ਤੋਂ ਰੰਗ-ਹਕੀਕੀ ਤੱਕ ਦਾ ਸਫਰ।

ਜਿਸ ਦੇ ਫਲਸਰੂਪ, ਪਰਮ ਪਿਆਰ ਅਤੇ ਨਿੱਜਤਵ ਮੁਹੱਬਤ ਦੋਵਾਂ ਸ਼ਬਦਾਂ ਦਾ ਕੋਈ ਸੀਮਤ ਅਰਥ ਨਹੀਂ ਰਹਿ ਜਾਂਦਾ ਸਗੋਂ ਪ੍ਰੀਤਮ ਦੀ ਸਥਿਤੀ ਸਾਧਾਰਨ ਅਤੇ ਸਮੂਹਕ ਹੋ ਜਾਦੀ ਹੈ। ਪ੍ਰੇਮੀ ਨੂੰ ਵਿਅਕਤੀਗਤ ਤੋਂ ਅਗਲੇ ਪਰਮ ਬ੍ਰਹਮ ਸ਼ਖ਼ਸੀਅਤ ਦਾ ਰੂਪ ਦਿੱਤਾ ਜਾਣ ਲੱਗਦਾ ਅਤੇ ਕਈ ਵਾਰੀ ਕਵੀ ਦਾ ਜੀਵਨ 'ਉਸ' ਦੇ ਸਮਰਪਣ ਤੱਕ ਅਰਪਨ ਹੋ ਜਾਂਦਾ ਹੈ।

ਭਾਗ ਦੂਜੇ ਵਿੱਚ ਲੇਖਕ, ਕਈ ਵਾਰ ਆਪਣੇ ਵਿਅਕਤੀਗਤ ਵਿਆਹੁਤਾ ਜੀਵਨ-ਚੱਕਰਾਂ ਵਿੱਚੋਂ ਦੀ ਲੰਘਦਾ ਕਦੇ ਆਪਣੇ ਘਰੇਲੂ ਇਕਾਈ ਵਾਲੇ ਪਰਵਾਰ ਨੂੰ ਉਸ ਦੀ ਉਸਤਤ ਕਰਦਿਆਂ ਰੱਬ ਦਾ ਦਰਜਾ ਦੇਣ ਦੀ ਗੱਲ ਕਰਦਾ ਹੈ ਅਤੇ ਕਦੇ ਉਹ ਅਜਿਹੀਆਂ ਗੱਲਾਂ ਦਾ ਜ਼ਿਕਰ ਛੋਹ ਲੈਂਦਾ ਹੈ, ਜੋ ਆਪਣੇ ਤੋਂ ਬੇਬੱਸ ਹੋਇਆਂ, ਜੀਵਨ ਵਿੱਚ ਖਟਾਸ ਘੋਲ ਗਈਆਂ।

'ਹੈ ਜੀਵਨ ਸੁਹਾਵਣਾ' ਵਿੱਚ 'ਧੰਨਵਾਦ ਵਿਧਾਤੇ ਦਾ/ ਜਿਨ੍ਹ ਤੈਨੂੰ ਮਿਲਾਇਆ। ਤੂੰ ਚੇਤਨਾ ਦਾ ਨੂਰ/ ਜਿਸ ਮੈਨੂੰ ਰੁਸ਼ਨਾਇਆ।' (ਪੰਨਾ 49)

ਤੇਰਾ ਮੇਰਾ ਕਵਿਤਾ ਵਿੱਚ---'ਮਿਲਣ ਤਾਂ, ਇਕ ਦੁਮੇਲ ਹੈ/ ਧਰਤੀ ਆਕਾਸ਼ ਦਾ/ ਜਿਥੇ ਸੁਮੇਲ ਹੈ।' (ਪੰਨਾ 49)

ਸੱਚ ਆਖਾਂ ---'ਚ-- ---'ਮੇਰੀ ਪਛਾਣ/ ਤੈਂ ਵਿਚੋਂ ਆਈ।/ਜਿਵੇਂ ਸ਼ੀਸ਼ੇ 'ਚੋਂ/ਨਿਕਲੇ ਪ੍ਰਛਾਈ।' (ਪੰਨਾ 54)

ਅਤੇ ਦੂਜੇ ਪਲ ਹੀ ਕੋਸਣ ਲੱਗ ਜਾਂਦਾ ਹੈ:-

ਆਪਾਂ ਤਾਂ ਰੁਲੀਆਂ ਸ਼ਖ਼ਸੀਅਤਾਂ,---' ਬੇਜੋੜ ਜੋੜੀਆਂ,/ਪਤਾ ਨਹੀਂ" ਵਿਧਾਤਾ ਨੇ/ ਤੋੜੀਆਂ ਕਿ ਜੋੜੀਆਂ?' (ਪੰਨਾ 50)

ਤੂੰ ਮੇਰੀ / ਮੈਂ ਤੇਰੀ---------- 'ਕਦਰ ਨਾ ਪਾਈ/ ਜ਼ਿੰਦਗੀ ਦੋਨਾਂ/ ਐਵੇਂ ਗੁਆਈ।' (ਪੰਨਾ 50)

ਗ੍ਰਹਿਸਤੀ ਜੀਵਨ ਵਿਚਲੀ ਨੋਕ-ਝੋਕ ਪਿੱਛੋਂ, ਜਦ ਮੰਨ-ਮਨਾਉਤ ਹੋ ਜਾਂਦੀ ਹੈ- ਤਾਂ:

ਕਰ ਇਕਰਾਰ ਪਿਆਰ ਦਾ----- 'ਚ 'ਜੀਵਨ ਦਾ ਸਾਥ ਦੇ ਦੇ।/ ਜਾਂ ਵਿਸਰਨ ਦੀ ਦਾਤ ਦੇ ਦੇ।' (ਪੰਨਾ 51)

ਮੈਨੂੰ ਮੇਰੀ ਬੇਪ੍ਰਵਾਹੀ ਨੇ ਮਾਰਿਆ --'ਤੈਨੂੰ ਤੇਰੇ ਕੰਮਾਂ ਜ਼ਿੰਮੇਵਾਰੀਆਂ ਨੇ ਮਾਰਿਆ,/ ਮਾਰਿਆ ਤੇ ਮਾਰਿਆ/ ਸਾਨੂੰ ਦੋਨਾਂ ਨੂੰ ਮਾਰਿਆ।/ ਸਮੇਂ ਨੇ ਲਿਤਾੜਿਆ--।' (ਪੰਨਾ 52)

ਅਜਿਹੇ ਭਾਵ ਉਸ ਦੇ ਮਨ ਵਿਚ ਕਿਉਂ ਉਪਜਦੇ ਹਨ? ਇਸ ਬਾਰੇ ਕੋਈ ਖ਼ਾਸ ਜ਼ਿਕਰ ਨਹੀਂ ਕੀਤਾ ਗਿਆ ਅਤੇ ਨਾ ਹੀ ਕਰਨਾ ਚਾਹੀਦਾ ਹੈ ਪਰ ਕੁੱਝ ਕਵਿਤਾਵਾਂ ਪੜ੍ਹ ਕੇ ਭਲੀ ਭਾਂਤ ਪਤੀ-ਪਤਨੀ ਦੇ ਜੀਵਨ ਵਿੱਚ ਅਣਸੁਖਾਵੇਂ ਵਤੀਰੇ ਦਾ ਝਲਕਾਰਾ ਪੈਂਦਾ ਹੈ। ਛੋਟੇ-ਛੋਟੇ ਕਠੋਰ ਸ਼ਬਦ ਜੋ ਸ਼ਾਂਤੀਪੂਰਨ ਜੀਵਨ ਵੱਲ ਅਗਵਾਈ ਕਰਦੇ ਹਨ, ਬੱਚਿਆਂ ਦੀ ਸਮੱਸਿਆ ਵੀ ਹੋ ਸਕਦੀ ਹੈ। ਲੇਖਕ ਦਾ ਇਹ ਸੱਚ ਬਹੁਤ ਦਲੇਰਾਨਾ ਹੈ ਅਤੇ ਉਹ ਆਪਣੀਆਂ ਭਾਵਨਾਵਾਂ ਨੂੰ ਉਜਾਗਰ ਕਰਨ ਲਈ ਘਬਰਾਉਂਦਾ ਨਹੀਂ, ਸਗੋਂ ਇਨ੍ਹਾਂ ਤੱਥਾਂ ਨੂੰ ਕਾਵਿਕ ਢੰਗ ਨਾਲ ਕਲਮਬੰਦ ਕਰਨ ਦੀ ਜੁੱਅਰਤ ਰੱਖਦਾ ਹੈ।

ਮੇਰੇ ਬੱਚੇ-'ਸਾਡੇ ਸਰੀਰ ਦੇ ਅੰਗ--ਮਨ ਦੀ ਰੂਹ ਦੀ/ਉਮੰਗ।/ਚਲੇ ਜੀਵਨ/ਚਲਦਾ ਕੁਟੰਬ/ਇਨ੍ਹਾਂ ਸੰਗ।' (ਪੰਨਾ 52)

ਸਾਡੇ ਬੱਚੇ-'ਸਾਡਾ ਭਵਿੱਖ/ਸਾਡੀ ਪਹਿਚਾਣ--- ਦੇਸ ਪਰਦੇਸ/ਖੁਸ਼ੀਆਂ ਮਾਨਣ,/ਪਾਵਣ ਮਾਣ ।' (ਪੰਨਾ 53)

'ਮੇਰਾ ਸੱਤ/ਮੇਰੀ ਪੱਤ/ਮੇਰੀ ਪਤਨੀ,/ਮੇਰੇ/ਬੱਚਿਆਂ ਦੀ ਮਾਂ।/ਉਹ ਮੇਰਾ ਵਜੂਦ/ਮੈਂ ਉਸਦੀ ਛਾਂ--।' (ਪੰਨਾ 53)

ਉਹ ਆਪਣੀ ਪਤਨੀ ਨੂੰ ਧਰਵਾਸ ਦੇਣ ਲਈ,ਉਹਨਾਂ ਗੱਲਾਂ ਦਾ ਜ਼ਿਕਰ ਕਰਦਾ ਹੈ, ਜਿਨ੍ਹਾਂ ਕਾਰਨ ਦੋਹਾਂ ਦੀ ਜ਼ਿੰਦਗੀ ਦੁੱਖਦਾਈ ਬਣੀ। ਸ਼ਾਇਦ ਉਹ ਆਪਣੇ ਵਿਚਾਰਾਂ ਦੀ ਅਵਚੇਤਨ ਧਾਰਾ ਅਧੀਨ ਇਹ ਦੱਸਣਾ ਠੀਕ ਸਮਝਦਾ ਹੋਵੇ ਕਿ ਉਨ੍ਹਾਂ ਦੇ ਜ਼ਿੰਮੇਵਾਰ ਕਈ ਬਾਹਰੀ ਪ੍ਰਭਾਵ ਸਨ, ਜੋ ਸਮੇਂ ਦੇ ਬਲਵਾਨ ਹੋਣ ਕਾਰਨ, ਸਾਡੇ ਜੀਵਨ ਉੱਤੇ ਹਾਵੀ ਹੋ ਗਏ।

'ਤੈਨੂੰ ਮੇਰੀਆਂ ਗੱਲਾਂ ਨੇ ਮਾਰਿਆ/ਮੈਨੂੰ ਤੇਰੇ/ ਕੰਮਾਂ ਨੇ ਮਾਰਿਆ-- ਕਮਜ਼ੋਰੀਆਂ ਤੇ ਮਜਬੂਰੀਆਂ ਨੇ/ ਸਾਨੂੰ ਭੰਨਿਆ-।' (ਪੰਨਾ 56)

'ਕੇਹਾ ਜੋਗ ਹੈ/ਕੇਹਾ ਸੰਜੋਗ ਹੈ/ ਤੂੰ ਤੂੰ ਅਤੇ ਮੈਂ ਮੈਂ ਹੀ ਰਹੇ

(ਪੰਨਾ 56)

'ਤੂੰ ਖੁਦ ਰੋਈ ਅਤੇ ਮੈਨੂੰ ਰੁਆਇਆ,--/' (ਪੰਨਾ 57) 'ਕੋਲ ਰਹਿੰਦੇ ਵੀ/ਜੀਵੀਏ ਦਮ-ਦਮ/ਦੀ ਦੂਰੀ।'

ਵਿਆਹੁਤਾ ਜੀਵਨ ਵਿਚ ਵੀ ਮਤਭੇਦਾਂ ਦਾ ਹੋਣਾ ਕੋਈ ਬਹੁਤੀ ਹੈਰਾਨੀ-ਜਨਕ ਗੱਲ ਨਹੀਂ ਹੁੰਦੀ। ਪਤੀ-ਪਤਨੀ ਦਾ ਰਿਸ਼ਤਾ ਉਮਰਾਂ ਦਾ ਹੁੰਦਾ ਹੈ ਅਤੇ ਉਹ ਜੀਵਨ ਵਿੱਚ ਆਈਆਂ ਖੁਸ਼ੀਆਂ ਤੇ ਮੁਸ਼ਕਲਾਂ ਵਿੱਚ ਹਿੱਸੇਦਾਰ ਹੁੰਦੇ ਹਨ ਅਤੇ ਕਈ ਵਾਰ ਘਰ ਦੀ ਜ਼ਿੰਮੇਵਾਰੀ ਨਿਭਾਉਂਦਿਆਂ, ਉਸ ਨੂੰ ਨੇਪਰੇ ਚਾੜ੍ਹਨ ਵਿੱਚ ਅਸਹਿਮਤੀ ਹੋਣਾ ਵੀ ਸੁਭਾਵਕ ਹੋ ਸਕਦਾ ਹੈ। ਸਿਆਣਪ ਤਾਂ ਇਹੀ ਹੁੰਦੀ ਹੈ ਕਿ ਸਖ਼ਤ ਤਲਖੀ ਨੂੰ ਸਹਿਜਤਾ ਨਾਲ ਨਰਮ ਰਵੱਈਏ 'ਚ ਬਦਲ ਕੇ ਕੋਈ ਆਪਸੀ ਰਜ਼ਾਮੰਦੀ ਨਾਲ ਹੱਲ ਕਰ ਲਈ ਜਾਏ। ਇਹ ਆਮ ਤੌਰ ਤੇ ਦੇਖਿਆ ਗਿਆ ਹੈ ਕਿ ਛੋਟੀ-ਮੋਟੀ ਗੱਲ ਬਹਿਸ ਕਰਨ, ਮਨਾ ਕੇ, ਕਦੇ ਜ਼ਿੱਦ ਨਾਲ ਅਤੇ ਕਦੇ ਝੁਕ ਕੇ ਜਾਂ ਸਮਝੌਤਾ ਕਰ ਕੇ ਖਤਮ ਹੋ ਜਾਂਦੀ ਹੈ ਪਰ ਕਈ ਵਾਰ ਇਹ ਮਾਮਲਾ ਗੰਭੀਰ ਬਣ ਜਾਂਦਾ ਹੈ। ਅਸੀਂ ਜਾਣਦੇ ਹਾਂ ਕਿ ਰੌਲਾ-ਰੱਪਾ ਪਾਉਣ ਨਾਲ ਕੋਈ ਸਾਕਾਰਾਤਮਕ ਨਤੀਜਾ ਨਹੀਂ ਨਿਕਲਦਾ, ਸਗੋਂ ਰਿਸ਼ਤੇ ਦੀ ਖ਼ੂਬਸੂਰਤੀ ਫਿੱਕੀ ਪੈਣੀ ਸ਼ੁਰੂ ਹੋ ਜਾਂਦੀ ਹੈ, ਜਿਸ ਦੇ ਫਲਸਰੂਪ ਇੱਕ ਦੂਜੇ ਲਈ ਸਤਿਕਾਰ ਅਤੇ ਪਿਆਰ ਘਟਦਾ ਜਾਂਦਾ ਹੈ।

ਇਨ੍ਹਾਂ ਸਾਰਿਆਂ ਵਾਦ-ਵਿਵਾਦਾਂ ਤੋਂ ਕਿਵੇਂ ਬਚੀਏ ਅਤੇ ਨਜਿੱਠਿਆ ਜਾਵੇ। ਕਵੀ ਦੀਆਂ ਰਚਨਾਵਾਂ ਪੜ੍ਹ ਕੇ ਮੈਨੂੰ ਮਹਿਸੂਸ ਹੁੰਦਾ ਹੈ ਕਿ ਉਹ ਇਸ ਸੰਕਟਮਈ ਸਥਿਤੀ ਵਿੱਚੋਂ ਕਦੇ ਨਾ ਕਦੇ ਗੁਜ਼ਰਿਆ ਹੈ। ਉਸ ਦੀ ਆਪਣੇ ਸਾਥੀ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਨੂੰ ਜ਼ਰਾ 'ਨੂਰ ਸੀ--ਕੋਹਤੂਰ ਸੀ।' ਵਿੱਚ ਦੇਖੋ:

'ਤੂੰ ਪੀੜ ਜੀਵਨ ਦੀ/ ਹੰਢਾਉਂਦੀ ਰਹੀ।/ ਜ਼ਖਮ ਜੀਵਨ ਦੇ/ ਸੀਉਂਦੀ ਰਹੀ।/ ਮੈਂ ਜੀਵਨ ਹਨ੍ਹੇਰਾ/ ਢੋਂਦਾ ਰਿਹਾ।/ਤੂੰ ਸੂਰਜ ਬਣ/ ਰੁਸ਼ਨਾਉਂਦੀ ਰਹੀ।'

'ਮੈਂ ਮਜਬੂਰੀ ਦੇ/ਸੱਥਰ ਵਿਛਾਉਂਦਾ ਰਿਹਾ।/ਤੂੰ ਸਬਰ ਦੀਆਂ ਪੈੜਾਂ/ ਬਣਾਉਂਦੀ ਰਹੀ।/ਪਿਆਰ ਸਤਿਕਾਰ ਦਾ ਲਾਈ ਲੰਗਰ/ਜੀਵਨ ਜੋਤ ਜਗਾਉਂਦੀ ਰਹੀ।'

ਮਨ ਨਾਲ ਕੀਤੇ ਸਮਝੌਤੇ ਦੀ ਉਚਾਈ ਤੇ ਦੂਜੇ ਦੇ ਦਿਲ ਦੇ ਜਜ਼ਬਾਤ ਦੀ ਪਿਆਰ ਭਰੀ ਮਜੀਠੀ-ਰੰਗਤ ਦੇਖੋ:

'ਮੈਂ ਝੱਖੜ ਝੰਬਿਆ ਖਿੰਘਰ ਕਰੂਰ ਸੀ/ ਖਿੰਡਿਆ-ਪੁੰਡਿਆ ਜੀਵਨ ਗਰੂਰ ਸੀ/ ਅਣਜਾਣ-ਨਦਾਣ ਫਤੂਰ ਸੀ/ਤੂੰ ਚਾਵਾਂ-ਭਾਵਾਂ ਦਾ ਨੂਰ ਸੀ/ ਆਪਣੀ

ਕਇਨਾਤ ਦਾ ਨੂਰ ਸੀ--ਕੋਹਤੂਰ ਸੀ।' (ਪੰਨਾ 61)

ਇਸ ਭਾਗ ਵਿੱਚ ਕਵੀ ਆਪਣੇ ਜੀਵਨ ਸਾਥੀ ਨੂੰ ਸਦੀਵੀ ਰੁਖਸਤੀ ਹੋਣ ਉਪਰੰਤ ਇਕੱਲਾ ਅਤੇ ਅਧੂਰਾ ਮਹਿਸੂਸ ਕਰਦਾ ਹੈ ਅਤੇ ਵਫ਼ਾਦਾਰੀ ਨਾਲ ਉਨ੍ਹਾਂ ਨਿੱਕੀਆਂ ਪਰ ਜ਼ਿਹਨ 'ਚ ਪੱਕੀਆਂ ਉੱਕਰੀਆਂ ਘਟਨਾਵਾਂ ਦਾ ਜ਼ਿਕਰ ਕਰਕੇ ਆਪਣੇ ਮਨ ਦੀ ਪੀੜਾ ਨੂੰ ਘਟਾਉਣ ਦੀ ਕੋਸ਼ਿਸ਼ ਕਰਦਾ ਹੈ। ਹੇਠਲੀ ਕਵਿਤਾ ਲਿਖਣ ਵੇਲੇ, ਕਵੀ ਮਨ 'ਤੇ ਕੀ ਬੀਤੀ ਹੋਵੇਗੀ?

'ਉਹ ਨਫ਼ਰਤ/ ਜ਼ਹਿਰ ਪੀਂਦੀ ਰਹੀ,/ ਹਿਰਖ ਥਪੇੜੇ/ ਸਹਿੰਦੀ ਰਹੀ।/ ਪਿਆਰ ਸਤਿਕਾਰ/ ਸਿੰਘਾਸਣ/ ਬੁਣਦੀ ਰਹੀ।/ ਉਹ ਜ਼ਿੰਦਗੀ ਦਾ ਸ਼ਾਹਕਾਰ ਰਹੀ।' (ਪੰਨਾ 65)

ਜਾਂ

'ਇੰਝ ਲਗਦਾ/ ਅਸਾਂ ਉਹਨੂੰ/ ਮਾਰ ਦਿੱਤਾ/ਲੱਗਿਆ ਉਸਨੂੰ/ ਦੁਰਕਾਰ ਦਿੱਤਾ।/ ਉਹ ਹਿਰਦੇ ਘੁੱਟੀ/ਭਾਂਬੜ ਗੁਬਾਰ ਰਹੀ,/ ਪਾਉਂਦੀ ਪਰਦੇ/ਵੰਡਦੀ ਸਤਿਕਾਰ ਰਹੀ।/ ਨਿਭਾਉਂਦੀ ਜ਼ਿੰਦਗੀ/ ਕਿਰਦਾਰ ਰਹੀ।' (ਪੰਨਾ 67)

ਇਹੀ ਗੱਲ,' ਨੂਰੋ ਨੂਰ ਹੋ ਗਈ' ਵਿੱਚ ਹੋਰ ਵੀ ਖੁੱਲ੍ਹ ਕੇ ਬਿਆਨ ਕੀਤੀ ਹੈ:-

'ਇੰਝ ਤਾਂ ਕੋਈ/ ਨਹੀਂ ਜਾਂਦਾ/ ਮੁਖ ਮੋੜ ਕੇ/ ਅੱਧ ਵਿਚਕਾਰੋਂ/ ਤੋੜ ਕੇ।/ਪਲ ਪਲ।--' (ਪੰਨਾ 70)

ਹੋਰ- ਪੀੜਾ ਭਰਿਆ ਸਥਿਤੀ ਦਾ ਸਿਖਰ :

'ਛੱਡਣ ਆਪਣੇ/ ਸਿਰਜੇ ਸੰਸਾਰ ਦਾ/ ਕੇਡਾ ਜੇਰਾ/ਕਰ ਲਿਆ/ ਤੂੰ ਗਈ,/ ਜੀਵਨ ਬੇਪਰਵਾਹੀ/ ਚੂਰੋ ਚੂਰ ਹੋ ਗਈ/ ਛੱਡ ਜੀਵਨ ਜੰਜਾਲ ਤੂੰ/ਨੂਰੋ ਨੂਰ ਹੋ ਗਈ।' (ਪੰਨਾ 72)

ਬਲਬੀਰ ਸਿੰਘ ਸੰਘਾ ਨੇ ਆਪਣੀ ਬਹੁਪੱਖੀ ਸ਼ਖਸੀਅਤ ਦਾ ਇੱਕ ਪਹਿਲੂ, ਕਵਿਤਾਵਾਂ ਰਾਹੀਂ ਸਵੈ-ਅਭਿਵਿਅਕਤ ਕੀਤਾ ਹੈ, ਜਿਸ ਵਿੱਚ ਉਸ ਦਾ ਨਿੱਜਤਵ ਵੀ ਹੈ ਅਤੇ ਕਿਤੇ ਚਮਤਕਾਰੀ ਰੱਹਸ ਦਾ ਝਲਕਾਰਾ ਵੀ ਪੈਂਦਾ ਹੈ। ਅਜਿਹੇ ਭਾਵਨਾਤਮਕ ਵਿਚਾਰਾਂ ਤੇ ਸਾਰਥਿਕ ਸ਼ਬਦਾਂ ਵਿੱਚ ਢਾਲ ਕੇ ਸੁੰਦਰ ਰੂਪ ਦੇਣ ਦੀ ਸਮਰੱਥਾ, ਇੱਕ ਸੰਵੇਦਨਸ਼ੀਲ ਚੇਤਨਾ ਵਾਲੇ ਦੀ ਕਲਮ ਰਾਹੀਂ ਹੀ ਸਮਰੱਥ ਹੋ ਸਕਦੀ ਹੈ।

ਬਹੁਤੀਆਂ ਕਵਿਤਾਵਾਂ ਵਿਚ ਨਫ਼ਰਤ ਦੇ ਦਾਗ ਨੂੰ ਧੋਣ ਲਈ ਮੋਹ ਭਰੇ ਸ਼ਬਦਾਂ ਦੀ ਵਰਖਾ ਕੀਤੀ ਗਈ ਹੈ। ਉਸ ਨੇ ਕਵਿਤਾ ਰਾਹੀਂ ਨਾ ਸਿਰਫ਼

ਪਿਆਰ ਅਤੇ ਆਪਸੀ ਭਾਈਚਾਰੇ ਦੀ ਮਹੱਤਤਾ ’ਤੇ ਜ਼ੋਰ ਦਿੱਤਾ, ਸਗੋਂ ਪਿਆਰ ਦੇ ਅਨਮੋਲ ਨੁਕਤਿਆਂ ਦਾ, ਪਰਿਵਾਰ ਦੀ ਪਿੱਠਭੂਮੀ ’ਚ ਵਰਣਨ ਵੀ ਕੀਤਾ ਹੈ। ਉਹ ਸਮਝਦਾ ਹੈ ਕਿ ਭਾਵਨਾਵਾਂ ਦੀ ਨਿਰਮਲ ਧਾਰਾ ’ਚੋਂ ਹੀ ਪਿਆਰੇ ਦੇ ਦਰ ਦੀ ਟੋਹ ਅਤੇ ਉਸ ਦੀ ਨੂਰੀ ਛੋਹ ਨਸੀਬ ਹੁੰਦੀ ਹੈ।

ਉਸ ਦੀ ਕਵਿਤਾ ਆਤਮ-ਮੁਖੀ ਹੈ, ਜੋ ਆਧੁਨਿਕਤਾ ਦਾ ਗੁਣ ਹੈ। ਉਸ ਦੀ ਕਾਵਿਕ ਚੇਤਨਾ ਬਾਹਰਲੇ ਫੋਕੇ ਨਾਅਰਿਆਂ ਵਾਲੇ ਸ਼ਬਦਾਂ ਦਾ ਸਹਾਰਾ ਨਹੀ ਲੈਂਦੀ, ਸਗੋਂ ਮਾਨਵੀ ਸ੍ਰਿਸ਼ਟੀ ਤੋਂ ਸਮਕਾਲੀ ਮਨੁੱਖ ਦੀਆਂ ਸੰਗਤੀਆਂ ਅਤੇ ਵਿਸੰਗਤੀਆਂ ਨੂੰ ਦਰਸਾਉਂਦੀਆਂ ਹੋਈ, ਸਹਿਜੇ ਹੀ ਆਪਣੀ ਯੋਗ ਸਿਰਜਣਾਤਮਕਤਾ ਦਾ ਨਮੂਨਾ ਨਜ਼ਰ ਆਉਂਦੀ ਹੈ, ਜੋ ਪੰਜਾਬੀ ਪਰਿਵਾਰਾਂ ਪ੍ਰਤੀ ਪੈਦਾ ਹੋ ਰਹੀ ਭਵਿੱਖ ਦੀ ਸਥਿਤੀ ਨੂੰ ਵੀ ਸਹੀ ਪਰਿਪੇਖ ਪ੍ਰਦਾਨ ਅਤੇ ਸੁਚੇਤ ਕਰਦੀ ਹੈ।

ਪੰਜਾਬੀ ਸਾਹਿਤ ਜਗਤ ਵਿੱਚ ‘ਪ੍ਰੇਮ ਕਣੀਆਂ’ ਦਾ ਸੁਆਗਤ ਕਰਦਿਆਂ, ਮੈਂ ਬਲਬੀਰ ਸਿੰਘ ਸੰਘਾ ਨੂੰ ਵਿਲੱਖਣ ਕਾਵਿ-ਰਚਨਾ ਦੀ ਹਾਰਦਿਕ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਪਾਠਕ ਇਸ ਦਾ ਭਰਵਾਂ ਸੁਆਗਤ ਕਰਨਗੇ।

14-05-2023

**ਸੁਰਜੀਤ ਸਿੰਘ ਭੁੱਲਰ**
Ex.MD.Pb.Milkfed.Verka Milk Plants,
sujitbhullar@hotmail.com
Phone: +1-602-715-2828
(USA)

# ਭਾਗ ਪਹਿਲਾ

**ਆ ਵੇ ਹੁਸਨਾ** ਇਸ਼ਕ ਮਿਲਾਵਾਂ,
ਭਟਕਣਾ ਤੇਰੀ ਮੁੱਕੇ।
ਇਹ ਮਿਲਾਪ ਤਾਂ ਡਾਢੇ ਦਿਤਾ,
ਮਾਨਸ ਜੀਵਨ ਰੁੱਤੇ।
ਤੁਸਾਂ ਦੀ ਪਛਾਣ ਨਾ ਕਾਈ,
ਜਾਂ ਵਾਹਦਤ ਰੂਪ ਹੋ ਬੁੱਕੇ।

**ਤੈਥੋਂ ਬਾਅਦ** ਇੰਜ ਲੱਗਾ,
ਮੈਂ ਅਰਸ਼ੋਂ ਲਹਿ ਗਿਆ।
ਚਾਵਾਂ, ਸੱਧਰਾਂ, ਰੀਝਾਂ ਦਾ ਹੜ੍ਹ ਆਇਆ
ਵੱਲਵਲਿਆਂ ਦਾ ਝੱਖੜ ਝੁੱਲਿਆ,
ਮੈਂ ਵਹਿੰਦੇ ਢਹਿੰਦੇ ਸਭ ਕੁਝ ਝੱਲਿਆ।
ਬ੍ਰਿਹੋਂ ਦੀ ਅੱਗ ਸੀਨੇ ਘੁੱਟੀ,
ਮੈਂ ਗੱਡੀ ਬਹਿ ਗਿਆ।

**ਕਈ ਬਰਸ ਗੁਜਰੇ** ਮੈਂ ਢੂੰਡ ਥੱਕਾ,
ਕਿਓਂ ਆਪਣਾ ਆਪ ਛੁਪਾਈ ਰਖਿਆ?
ਤੱਕਦਾ ਰਿਹਾ, ਨਾਲ ਪਿਆਰ ਜੱਗ ਵੰਨੀਂ,
ਨਜ਼ਰ ਜੱਗ ਦੀ ਬੁਰਾ ਬਣਾਈ ਰਖਿਆ।
ਪਿਆਰ ਵੈਰਨ ਸਮਾਜ ਦੀ ਕੰਧ ਖੜ੍ਹ ਕੇ,
ਤੈਨੂੰ ਓਧਰ ਐਵੇਂ ਕਲਪਾਈ ਰਖਿਆ।
ਮੈਨੂੰ ਐਪਰ ਏਸ ਤੜਫਾਈ ਰਖਿਆ।

**ਜਾਂ ਉਡੀਕਾਂ**
ਤਾਂ ਸਬਰ ਸੀ
ਜਦ ਤੜਫ ਉਠਦੀ,
ਕੋਸਦਾ ਸਾਂ
ਰਚਨਹਾਰ ਨੂੰ।
ਖੋਜਦਾ ਸਾਂ
ਆਪਣੇ ਸਾਥ ਨੂੰ।

ਝੌਲਾ ਪੈਂਦਾ ਸੀ
ਤੇਰੀ ਸੂਰਤ ਦਾ,
ਕਿਥੋਂ? ਕਿਵੇਂ ਦੇ
ਕਦ ਢੂੰਡਣਾ;
ਮੇਰੇ ਵੱਸ ਨਹੀਂ ਸੀ।
ਤਾਹਨਾ ਸੀ, ਮੇਹਣਾ ਸੀ,
ਉਸ ਬਖ਼ਸ਼ਣਹਾਰ ਨੂੰ।

ਰਹਿਮਤ ਹੋਈ,
ਤਰਸ ਖਾਧਾ,
ਮੇਰੇ ਹਾਲ 'ਤੇ।
ਦੇਰ ਨਾ ਲੱਗੀ
ਪਲ ਵਿਚ,
ਜ਼ਾਹਰ ਵਿਖਾ ਦਿੱਤਾ,
ਭਟਕਣਾ ਮੁੱਕੀ
ਕਲਪਣਾ ਸੁੱਕੀ,
ਤੈਂ ਵਿਚ ਮੈਨੂੰ
ਆਪਾ ਦਿਖਾ ਦਿੱਤਾ।

**ਭਟਕੇ ਹੁਸਨ** ਤਾਂ ਇਸ਼ਕ ਸੰਭਾਲੇ,
ਰਹਿਮਤ ਐ ਖ਼ੁਦਾਈ।
ਖੜ੍ਹ ਖੜ੍ਹ ਵਿਹੜੇ ਖ਼ੁਸ਼ੀਆਂ ਨੱਚਣ,
ਗ਼ਮ ਨਾ ਫੇਰਾ ਪਾਈ।

ਐ ਜੀਵਨ ਮੈਂ ਤੈਨੂੰ ਪਾਇਆ,
ਕੁਦਰਤ ਏਹੋ ਕੂਕੇ।
ਹੁਸਨ ਇਸ਼ਕ ਮੇਲ ਜੇ ਹੋਵੇ,
ਤਾਂ ਹੀ ਸਫ਼ਲ ਕਮਾਈ।

ਆਓ ਅੱਜ,
ਆਪਣੇ
ਰੋਸਿਆਂ ਸ਼ਿਕਵਿਆਂ ਦੀ,
**ਗੱਲ ਤਾਂ ਕਰੀਏ**

ਸੋਚਾਂ ਦੇ
ਅਕਲਾਂ ਦੇ,
ਤੇ ਸ਼ਖ਼ਸੀ ਕੀਮਤਾਂ ਦੇ
ਧੁੰਦਲੇ ਪ੍ਰਛਾਵਿਆਂ 'ਚ
ਆਪਾ ਛੁਪਾ ਬੈਠੇ।
ਸਾਂਝੀ ਹੋਂਦ ਨੂੰ
ਵਖਰੇਵਿਆਂ ਦਾ,
ਬੁਰਕਾ ਪਾ ਬੈਠੇ।

ਇਹ ਮਾਨਵ ਘਾਟ ਦਾ
ਅਹਿਸਾਸ ਸੀ।
ਜੀਵਨ ਦੇ ਮੋੜ 'ਤੇ,
ਕੋਈ ਸਰਾਪ ਸੀ।

ਪਰ ਅਜੇਹੇ ਸਰਾਪ ਨੇ,
ਅਜੇਹੀ ਘਾਟ ਨੇ,
ਸਾਡੀ ਸਾਂਝ ਨੂੰ
ਮਿਟਾ ਨਹੀਂ ਸਕਣਾ।
ਜੀਵਨ ਦੇ ਸੱਚ ਨੂੰ,
ਸਾਥੋਂ ਛੁਪਾ ਨਹੀਂ ਸਕਣਾ।

ਆਓ ਅੱਜ

ਉਸ ਸੱਚ ਦੀ ਭਾਲ ਦਾ
ਕੋਈ ਹੱਲ ਤਾਂ ਕਰੀਏ।
ਆਪਣੇ ਰੋਸਿਆਂ ਸ਼ਿਕਵਿਆਂ ਦੀ
ਗੱਲ ਤਾਂ ਕਰੀਏ।

**ਉੱਠ ਉੱਠ ਤੱਕਾਂ** ਤਾਂ ਤੈਨੂੰ ਦੇਖਾਂ,
ਦੂਜਾ ਨਜ਼ਰ ਨਾ ਆਵੇ।
ਆਪਣੀ ਹੋਂਦ ਛੁਪ ਗਈ ਕਿਧਰੇ,
ਮੈਨੂੰ ਸਮਝ ਨਾ ਆਵੇ।
ਨਿਕਲ ਹਨੇਰ ਚਾਨਣੇ ਤੱਕਾਂ,
ਤੈਂ ਵਿਚ ਮੈਂ ਸਮਾਵੇ।

**ਜੀਭਾ ਮੇਰੀ**
ਬੋਲ ਨਾ ਜਾਣੇ,
ਦੇਖ ਨਾ ਸਕਣ ਅੱਖੀਆਂ।
ਕੰਨਾਂ ਸੁਣਨ ਦੀ,
ਜਾਚ ਨਾ ਆਈ,
ਤੈਂ ਵਿਚ ਉਮੀਦਾਂ ਰਖੀਆਂ।
ਤੰਦੂਰ ਬ੍ਰਿਹੋਂ ਦਾ
ਹਿਰਦੇ ਤਪਦਾ।
ਸੁਆਸੀਂ

ਬਾਲਣ ਫੂਕਾਂ।
ਪੀੜਾਂ ਚੀਸਾਂ
ਸਹਿ ਨਾ ਹੋਵਣ,
ਪਾਗਲਾਂ ਵਾਂਗਰ ਕੂਕਾਂ।
ਬੁੱਤੀਂ ਹੁਸਨ
ਤਾਂ ਇਸ਼ਕ ਮਜ਼ਾਜੀ,
ਇਹ ਨਾ ਸੱਚ
ਦੀਆਂ ਰੀਤਾਂ।
ਆਸ਼ਕਾਂ ਰੂਪ

ਇਸ਼ਕ ਦਾ ਹੋਣਾ,
ਤਦ,
ਨਾਲ ਮਹਿਬੂਬ
ਪ੍ਰੀਤਾਂ।

ਕੁਝ ਸੱਧਰਾਂ ਕੁਝ ਚਾਵਾਂ,
ਕੁਚਲੇ ਅਰਮਾਨਾਂ,
ਆ ਮੈਨੂੰ ਰੀਝਾਇਆ।
ਟਹਿਣੀ ਟੁੱਟੀਆਂ ਪੱਤੀਆਂ,
ਰਲ ਨਾਚ ਨਚਾਇਆ।
ਫੁੱਲ ਬਹਾਰੀਂ ਟਹਿਕਦੇ,
ਸਭ ਖੇੜਾ ਛਾਇਆ।
ਕੁਦਰਤ ਦਏ ਵਧਾਈਆਂ
**ਮੈਂ ਤੈਨੂੰ ਪਾਇਆ।**

**ਮੇਰਾ ਵੀ**
**ਤੈਨੂੰ ਪਾਣ ਨੂੰ**
ਜੀਅ ਕਰਦਾ।
ਤੇਰੀ ਹੋਂਦ ’ਚ,
ਆਪਾ,
ਗਵਾਉਣ ਨੂੰ
ਜੀਅ ਕਰਦਾ।

ਮਾਨਵ ਜੀਵ ਦੀਆਂ
ਡੂੰਘੀਆਂ ਵਾਟਾਂ,
ਝੱਖੜ ਹਨੇਰੀਆਂ
ਕਾਲੀਆਂ ਰਾਤਾਂ।
ਤਾਂ ਵੀ ਤਾਰਿਆਂ
ਨਾ ਆਪਾ ਛਪੋਇਆ।
ਅਰਸ਼ਾਂ ਕਦੇ ਨਾ
ਆਪਾ ਟੋਹਿਆ।

ਮੇਰਾ ਵੀ ਮਨ
ਇਸ ਸਭ ਨੂੰ ਸੋਚੇ।
ਜੀਵਨ ਅਟੱਲਤਾ
ਦੇ ਭੇਦ ਨੂੰ ਲੋਚੇ।

**ਸੁਤ-ਅਨੀਂਦੇ** ਤੱਕਦਾਂ,
ਸਭ ਤੇਰਾ ਸਾਇਆ।
ਫੁੱਟ-ਫੁੱਟ ਹਿਰਦੋਂ ਨਿਕਲੇ,
ਚਾਅ ਦੂਣ ਸਵਾਇਆ।
ਅੱਖਾਂ ਮੀਟ ਲਾਂ ਜੱਗ ਤੋਂ,
ਜਾਂ ਤੈਂ ਬੁਲਾਇਆ।
ਵਿਚ ਕਲੋਲੀਂ ਖੇਲਦੇ,
ਭੈੜੀ ਜਾਗ ਜਗਾਇਆ।

ਤਾਰੇ ਅਰਸ਼ੀਂ
ਲੁੱਡੀਆਂ ਪਾਵਣ।
ਚੰਦਾ ਕਰੇ ਕਲੋਲ
ਚੁੱਪ ਦੇ ਨਾਗਾਂ
ਰਾਤ ਹੈ ਡੱਸੀ
ਬ੍ਰਿਹਾ ਮਚਾਵੇ ਸ਼ੋਰ।
ਮੈਂ ਤੱਤੜੀ ਦਾ
ਕੋਈ ਨਾ ਦਰਦੀ
ਸੱਜਣਾਂ ਬਾਝੋਂ ਹੋਰ।
ਆ ਮਿਲ ਸੱਜਣਾ ਵੇ,
ਪੀੜ ਨਾ ਸਹਿੰਦੀ ਹੋਰ।

ਵਣ ਕੰਡਿਆਲੇ
ਨ੍ਹੇਰੀ ਸ਼ੂਕੇ,
ਗਰਜੇ ਬੱਦਲ
ਜੀਊੜਾ ਕੂਕੇ
ਗ਼ਮਾਂ ਦੀ ਛਾਈ

ਘਨਘੋਰ।

ਵਾਟ ਦੁਰੇਡੀ
ਤੇਰੀ ਸੱਜਣਾ
ਮੈਂ ਵਿਚ ਨਾਹੀਂ
ਜ਼ੋਰ।
ਆਪੇ ਮਿਲ ਲੈ ਵੇ,
**ਜੇ ਤੈਂ**
**ਪ੍ਰੀਤੀਂ ਲੋੜ।**

**ਵਾਸ਼ਨਾ ਸੜਦੀ** ਵਿਛੋੜੇ ਡਿੱਠੀ,
ਜਾਂ ਇਸ਼ਕ ਨੇ ਭੜਥੂ ਪਾਇਆ।
ਤੇਰੀ ਮੇਰੀ ਹੋਂਦ ਨਾ ਦਿਸੇ,
ਜਾਂ ਤੈਂ ਵਿਚ ਮੈਂ ਮਿਲਾਇਆ।
ਨਾ ਕੋਈ ਤਾਂਘ ਨਾ ਤੜਫ਼ ਸਤਾਵੇ,
ਸੱਜਣਾ ਇਕੋ ਰੂਪ ਵਟਾਇਆ।
ਕਿਸਨੂੰ ਪੁੱਛਾਂ ਦੱਸ ਸਹੇਲੀ,
ਕਿਸਨੂੰ ਚਾਹਵਾਂ ਕੌਣ ਏ ਆਇਆ!

ਤੈਂ ਵੀ ਤਰਸ ਖਾਧਾ,
ਤੱਕ
ਮੈਂ ਸਵਾਲੀ।
ਬੁਰਕਾ ਚੀਰ
ਦੂਰੀ ਦਾ,
ਆ ਦੇਈ ਦਿਖਾਲੀ।

ਪਲਕਾਂ ਉਪਰ ਚੁੱਕ ਕੇ,
ਇਕ ਨਜ਼ਰ ਪਾਲੀ।
ਹਿਰਦਾ ਇੰਝ
ਪ੍ਰਕਾਸ਼ਿਆ
ਜਿਓਂ ਪੂਰਬ ਦੀ ਲਾਲੀ।

ਚਿਹਰੇ ਨੂਰ ਟਪਕਦਾ
ਅੱਗ ਹੁਸਨਾਂ ਬਾਲੀ।

ਮੇਟ ਸਭੇ ਦੂਰੀਆਂ,
ਮਿਲ ਮਾਤ ਵਸਾਲੀ।
ਕਾਮ ਅੰਦਰ ਭੱਖਦਾ,
ਜਿਓਂ ਤਾਂਬਾ
ਵਿਚ ਕੁਠਾਲੀ।

ਸਬਰ
ਬੁੱਕਲਾਂ ਖੋਲ੍ਹੀਆਂ,
ਹੋ ਹਾਲ ਬੇਹਾਲੀ।
ਇਸ਼ਕਾਂ ਰੋਜ਼ੇ
ਖੋਲ੍ਹ ਤੇ
**ਹੁਸਨਾਂ ਦੀ ਭਾਈਵਾਲੀ**

ਵਣ ਵਣ ਢੂੰਡੇ ਜੰਗਲ ਬੇਲੀਂ
ਸ਼ਾਂਤ ਨਾ ਕਦੇ ਵੀ ਆਵੇ,
ਤੈਂ ਮਿਲਣ ਦੀ ਤਾਂਘ ਏ ਡਾਢੀ,
ਸੱਲ ਨਾ ਰਿਦੇ ਸਮਾਵੇ।
ਉੱਡ ਅਕਾਸ਼ੀਂ ਤੈਂ ਵਲ ਤੱਕਾਂ,
ਨਜ਼ਰ ਨਾ ਕਿਧਰੇ ਆਵੇ।
ਇਕੋ ਹੂਕ ਕਲੇਜੇ ਉਠੇ
**ਕਦ ਸੱਜਣ ਆਣ ਬੁਲਾਵੇ।**

**ਆਸੇ ਪਾਸੇ**
ਨਜ਼ਰ ਜਾਂ ਜਾਵੇ,
ਕੰਡਿਆਂ ਲੱਦਾ
ਜੰਗਲ ਖਾਵੇ।
ਹਰਿਆਵਲ ਇਸਦੀ
ਤੇਰਾ ਝੌਲਾ

ਮ੍ਰਿਗ ਤ੍ਰਿਸ਼ਨਾ
ਮੈਨੂੰ ਭਾਵੇ।
ਦੂਰ ਦੁਰਾਡੇ
ਉੱਚ ਪਹਾੜੀਂ।
ਰੁੱਖ ਧਰਤੀ,
ਰੌਣਕ ਸਾੜੀ।
ਨੱਸ ਨੱਸ ਡਿੱਗਾਂ,
ਉੱਠ ਉੱਠ ਨੱਸਾਂ,
ਤੇਰੀ ਅਣਹੋਂਦ
ਸਤਾਵੇ।
ਭੱਜ ਭੱਜ
ਥੱਕੀਆਂ ਲੱਤਾਂ।
ਤੱਕ ਤੱਕ
ਅੱਕੀਆਂ ਅੱਖਾਂ।
ਬਾਹਾਂ ਤੜਫਣ,
ਲੈਣ ਕਲਾਵੇ।
ਜੀਓੜੇ ਮੇਰੇ,
ਸ਼ਾਂਤ ਨਾ ਆਈ,
ਪਾਗਲ ਹੁੰਦਾ ਜਾਵੇ।

ਲੁਕ ਲੁਕ ਆਪਾ
ਰੱਖਣ ਲੱਗੇ
ਅੰਦਰ ਝਾਤ
ਜਾਂ ਪਾਈ।
ਹਿਰਦੇ ਬੈਠ
ਯਾਰ ਬੁਲਾਵੇ
ਮੈਨੂੰ ਖ਼ਬਰ
ਨਾ ਕਾਈ।
ਉੱਠ ਉੱਠ ਨੱਚਾਂ,
ਲੁੱਡੀਆਂ ਪਾਵਾਂ
**ਸੱਜਣ ਵਿਚ ਕਲਾਵੇ।**

ਅੱਜ ਵੀ
**ਬਚਪਨ ਦੀ ਯਾਦ**
ਆਂਦੀ ਏ।
ਖੇੜਾ ਵੰਡਦੀ,
ਉਦਾਸੀ ਛੰਡਦੀ ਏ।
ਉੱਛਲ ਉੱਛਲ
ਅਰਸ਼ੀਂ ਚੜ੍ਹਨਾ,
ਗੱਲਾਂ ਕਰਨੀਆਂ।
ਤਾਰਿਆਂ ਵੰਝੀਂ
ਚੁੰਗਾਂ ਭਰਨੀਆਂ
ਦਾਦੀ ਮਾਂ
ਸੁਨਾਉਣੀ ਬਾਤ।
ਲੁਕ ਲੁਕ
ਛੁਪ ਛੁਪ
ਤੈਥੋਂ,
ਚੰਦ ਮਾਮਾ ਦੀ
ਗੋਦੀ ਬਹਿ ਕੇ
ਤੈਨੂੰ ਕਹਿਣਾ
ਝਾਤ।

**ਗੁੱਸਾ ਤੈਥੋਂ**
ਝੱਲ ਨਾ ਹੋਣਾ।
ਖੇਲ ਛੋੜ
ਭੱਜੇ ਅਉਣਾ।
ਧੱਕਮ ਧੱਕਾ,
ਰੌਲਾ ਰੱਪਾ,
ਚੀਕ ਚਿਹਾੜਾ
ਪਾਂਦੇ ਰਹਿਣਾ।
ਤਾਰਿਆਂ ਚੰਦਾ
ਉੱਠ ਨੱਸ ਜਾਣਾ।
ਰੋਂਦੇ ਰੋਂਦੇ,

ਤੈਂ ਫਿਰ ਕਹਿਣਾ,
ਮੈਂ ਸੀ ਗੋਦੀ
ਚੰਦ ਮਾਮਾ
ਬਹਿਣਾ।

## ਮਿਲਣ ਤਾਂਘ

ਸਤਾਵੇ ਡਾਢੀ,
ਹਰ ਪਲ
ਬੀਤੇ ਆਹੀਂ।
ਅੱਖੀਆਂ ਰੋ ਰੋ
ਛਹਿਬਰ ਲਾਈ,
ਦਰਸ਼ ਪਿਆਰੇ ਨਾਹੀਂ।
ਮਿੰਨਤਾਂ ਤਰਲੇ
ਕੱਢਾਂ ਹਾੜੇ।
ਆ ਮਿਲ ਹੁਣ ਤਾਂ
ਸਾਜਨ ਪਿਆਰੇ।
ਜਿੰਦੜੀ
ਅੰਤ ਸੁਆਸੀ ਆਈ।
ਇਕੋ ਆਸ
ਮਰਨ ਨਾ ਦੇਂਦੀ
ਮੈਂ ਗਲ
ਤੇਰੀ ਬਾਹੀਂ।

## ਤੈਂ ਮਿਲਣ ਜੀਅ ਧਾਂਵਦਾ

ਜਾਂ ਉਠੇ ਹੂਕ ਕਲੇਜੇ।
ਖਿਨ ਪਲ ਸ਼ਾਂਤ ਨਾ ਆਂਵਦੀ,
ਜਾਂ ਚੋਟ ਪੀੜਾਂ ਦੀ ਵੱਜੇ।
ਮਰਨਾ ਚੰਗਾ ਜੀਉਣ ਤੋਂ
ਜੇ ਸੱਜਣਾ ਕੋਲ ਨਾ ਸੱਜੇ।
ਪੋਟਾ ਪੋਟਾ ਚੀਰ ਜਾਏ,
ਜਾਂ ਬ੍ਰਿਹੋਂ ਕਟਾਰੀ ਵੱਜੇ।

## ਅੱਜ ਤਕ

ਆਪਣੇ ਆਪ ਨੂੰ,
ਖ਼ੁਦ ਤੋਂ
ਛੁਪਾਈ ਰਖਿਆ।
ਸਮਾਜ ਦੀਆਂ ਟੇਢੀਆਂ ਤੇ
ਤਿੱਖੀਆਂ ਨਜ਼ਰਾਂ ਤੋਂ
ਬਚਾਈ ਰਖਿਆ।
ਕੀ ਲਾਭ
ਚਰਿਤ੍ਰ ਦਾ?
ਕੀ ਇਸ
ਇਖ਼ਲਾਕ ਦਾ ਮੁੱਲ?
ਨਾ ਚਾਹੁੰਦੇ
ਜੀਉਂ ਕੇ ਵੀ,
ਇਹ ਸਵਾਲ
ਪਾਈ ਰਖਿਆ।
ਜੀਵਨ ਭੁੱਲ ਕੇ,
ਦੁਨੀਆ ਠੁਕਰਾ ਕੇ;
ਦੀਵਾ ਆਸ ਦਾ
ਜਗਦਾ ਰੱਖ,
ਪੱਲਾ ਦਰ ਤੇਰੇ
ਵਿਛਾਈ ਰਖਿਆ।

ਆ ਨੀ ਹਵਾਏ ਬਣ ਸਹੇਲੀ,
ਦੇਸ ਪਿਆਰੇ ਜਾਈਂ।
ਪਿਆਰ 'ਚ ਰੱਤੜਾ ਮੈਂ ਸੁਨੇਹੜਾ,
ਸੱਜਣਾ ਤਕ ਪਹੁੰਚਾਈਂ।
ਸੱਲ ਪਿਆਰੇ ਪੱਛਿਆ ਹਿਰਦਾ,
ਪ੍ਰੀਤਮ ਕੋਲ ਖੋਲ੍ਹ।
ਭੋਰਾ ਤਰਸ ਕਰੇਂ ਜੇ ਮੈਂ 'ਤੇ,
ਮੇਰੀ **ਅਰਜ਼** ਸੁਣਾਈਂ।

**ਆਇਆ ਜੋਬਨ**
ਵਹਿੰਦਾ ਗਿਆ,
ਮੈਂ ਤੱਤੜੀ
ਸਾਰ ਨਾ ਜਾਣੀ।
ਸੁਪਨਿਆਂ ਦੀ
ਮੈਂ ਪਾਲੀ ਦੁਨੀਆਂ,
ਮੂਲੋਂ ਅੱਲ੍ਹੜ ਜਵਾਨੀ।
ਮਾਰਾਂ ਛਾਲ
ਉੱਡ ਅਕਾਸ਼ੀਂ,
ਬੁੱਕੀਂ
ਤਾਰੇ ਖੇਡਾਂ।
ਚੰਦਾ ਬੁੱਕਲ
ਛੁਪਾ ਕੇ ਆਪਣੀ,
ਹੋਵਾਂ, ਲੋਟ ਪੋਟ
ਵਿਚ ਮੌਜਾਂ।

**ਮਾਣ ਤਾਣ ਮੇਰਾ**
ਥੰਮ੍ਹ ਨਾ ਹੋਵੇ;
ਅਰਸ਼ਾਂ ਦੀ
ਮੈਂ ਰਾਣੀ।
ਇਸ ਦੁਨੀਆਂ ਨੂੰ,
ਮੈਂ ਕੀ ਪਛਾਣਾ;
ਸੂਰਜ ਚੰਦਾ
ਮੇਰੇ ਹਾਣੀ।

ਰੀਝਾਂ ਸੱਧਰਾਂ
ਲੈਣ ਉਬਾਲੇ
ਇਸ਼ਕੇ
ਸੁਰਤ ਸੰਭਾਲੀ
ਹੁੱਸਿਆ ਹੁੱਸਿਆ

ਜੀਵਨ ਜਾਪੇ,
ਮੰਗੇ ਹੁਸਨ ਸਵਾਲੀ।
ਸਬਰ ਦਾ ਜਾਮਾ
ਪਹਿਨੀ ਤੱਕਾਂ
ਤੇਰਾ ਮੁੱਖ
ਜਲਾਲੀ।

## ਪਿਆਰ ਦੇ ਵਿਹੜੇ

ਹਰ ਆਸ਼ਕ,
ਕਵੀ ਬਣਨਾ ਲੋਚਦਾ।
ਜੀਵਨ ਦਾ
ਆਦਿ ਅੰਤ
ਰੱਬ ਵੀ,
ਆਪਣੀ ਮਹਿਬੂਬਾ
ਨੂੰ ਸੋਚਦਾ।
ਕੁਦਰਤ ਦਾ
ਹਰ ਰੰਗ,
ਜੀਵਨ ਦੀ
ਹਰ ਤਰੰਗ
ਮਾਸ਼ੂਕ ਦੀ
ਪੁਸ਼ਾਕ ਹੈ।
ਦੁਨੀਆਂ ਦਾ
ਧਨ ਦੌਲਤ
ਐਸ਼ੋ-ਇਸ਼ਰਤ;
ਉਸਦੇ ਪੈਰਾਂ
ਦੀ ਖ਼ਾਕ ਹੈ।
ਖੰਡਾਂ ਬ੍ਰਹਿਮੰਡਾਂ ਦੀ ਸੈਰ,
ਕਲਪਣਾ ਦਾ ਖੇਲ ਹੈ
ਧਰਤ ਖਲੋ,
ਅਰਸ਼ੀਂ ਜੱਫ਼ੀਆਂ
ਪਾਉਣ ਲਈ;
ਸਮਝੇ

ਮਹਿਬੂਬਾ ਦੁਮੇਲ ਹੈ।

**ਬੋਲ ਪਪੀਹਾ** ਯਾਰ ਦੀ ਬੋਲੀ,
ਸ਼ਾਂਤ ਤਾਂ ਹਿਰਦੇ ਆਵੇ।
ਪੀੜ ਵਿਛੋੜੇ ਝੱਲ ਨਾ ਹੁੰਦੀ,
ਦਰਸ਼ਨ ਪਿਆਸ ਬੁਝਾਵੇ।
ਜੰਗਲੀਂ, ਥਲੀਂ, ਬੀਆਬਾਨੀਂ;
ਨਜ਼ਰ ਯਾਰ ਨਾ ਆਵੇ।
ਤੇਰਾ ਬੋਲ ਪਿਆਰਾ ਡਾਢਾ,
ਯਾਰ ਦੀ ਯਾਦ ਦਿਲਾਵੇ।

## ਕਿੱਥੋਂ ਆਇਆ?

ਕਿੱਥੇ ਜਾਣਾ?
ਪਤਾ ਨਹੀਂ
ਕੁਛ ਮੈਨੂੰ।
ਖੜ੍ਹ ਇਕੱਲਾ
ਜੰਗਲੀਂ ਦੇਖਾਂ,
ਸਮਝ ਨਾ
ਕੋਈ ਮੈਨੂੰ।
ਭਾਂਤ ਭਾਂਤ ਦੀ
ਆਵਾਜ਼ ਜਾਂ,
ਕੂਕੇ ਕੰਨੀਂ।
ਅੱਖਾਂ ਮੀਟ,
ਨਾ ਦੇਖਣ ਚਾਹਵਾਂ,
ਮੌਤ ਦਿਸੇ
ਦੋ ਵੰਨੀ।
ਹਾਥੀ ਦਹਾੜਨ,
ਸ਼ੇਰ ਵੀ ਗਰਜਣ,
ਜੰਗਲ ਸ਼ੋਰ
ਮਚਾਇਆ।
ਜਾਨ ਮਾਸੂਮ

ਇਕ ਮੇਰੀ ਤੜਫ਼ੇ,
ਵਕਤ ਕਵੱਲੜਾ
ਆਇਆ।

ਚੁੱਕ ਨਜ਼ਰ
ਅਸਮਾਨ ਜਾਂ ਤੱਕਾਂ,
ਤਾਰੇ ਢਾਰਸ ਬੰਨ੍ਹਾਈ।
ਨਾ ਡਰ ਘਬਰਾ
ਨਾ ਸੱਜਣਾ,
ਇਹ ਮਮੂਲ ਬਲਾਈ।
ਵਾਂਗ ਬਹਾਦਰ
ਝੱਲ ਲੈ ਸਿਰ ’ਤੇ,
ਇਹ ਸ਼ੈਤਾਨ ਚਤੁਰਾਈ।
ਸੁਰਤ ਸੰਭਾਲ,
ਹੇਠਾਂ ਜਾਂ ਤੱਕਾਂ;
ਨਾਗਾਂ ਘੇਰਾ ਪਾਇਆ।
ਡਸ ਡਸ ਜੀਭਾਂ
ਜ਼ਹਿਰੀ ਭਰੀਆਂ,
ਪੀੜਾਂ ਖ਼ੂਬ ਸਤਾਇਆ।
ਹੋਸ਼ ਵੀ ਜਾਂ
ਗੁੰਮਦੀ ਜਾਪੀ,
ਧਰਤੀ ਡਿਗਣਾ ਚਾਹਿਆ।
ਜੀਵਨ ਨਾਲੋਂ ਮੌਤ ਚੰਗੇਰੀ,
ਦਿਲ ਨੇ ਆਖ ਸੁਣਾਇਆ।
ਡਿਗਦਾ ਦੇਖ ਮੌਤ ਦੀ ਗੋਦੀ,
ਕਿਸੇ ਅਵਾਜ਼ ਲਗਾਈ।
ਸੁਰਤ ਸੰਭਾਲ ਜਾਂ
ਅੱਖੀਂ ਡਿੱਠਾ,
**ਸੱਜਣਾ ਹੱਥ ਕਲਾਈ**

**ਵਾਂਗ ਤੰਦੂਰ**
ਧਰਤ ਪਈ ਤਪਦੀ,
ਅਰਸ਼ਾਂ ਅੱਗ ਵਰਸਾਈ।
ਪੰਖ ਪੰਖੇਰੂ
ਨਜ਼ਰ ਨਾ ਆਵਣ
ਛਾਇਆ ਮੌਤ ਦੀ ਛਾਈ।
ਨੰਗੇ ਪੈਰ
ਕੰਡਿਆਲਾ ਰਸਤਾ,
ਮੈਨੂੰ ਸੁਰਤ
ਨਾ ਕਾਈ।
ਸਭ ਕੁਝ ਸੇਜ
ਫੁੱਲਾਂ ਦੀ ਜਾਪੇ,
ਤੈਂ ਵਲ
ਧਿਆਨ ਜਮਾਈ।

**ਆਸ਼ਕ ਰੂਪ ਬਦਲਿਆ**
ਰਲ ਸੰਗ ਮਾਸ਼ੂਕਾਂ।
ਇਕੋ ਆਸ ਪਿਆਰ ਦੀ,
ਬਾਕੀ ਸਭ ਚਤੁਰਾਈ ਫੂਕਾਂ।
ਤੇਰੀ ਹੁਸਨ ਬਣੀ ਸਲੀਬ 'ਤੇ
ਮੈਂ ਬਣ ਇਸ਼ਕ ਕੂਕਾਂ।

**ਤੇਰੇ ਸਾਹਾਂ 'ਚ ਜਿਉਣਾ**
ਹੈ ਜ਼ਿੰਦਗੀ ਮੇਰੀ।
ਤੇਰੇ ਰਾਹਾਂ ਨੂੰ ਤੱਕਣਾ,
ਹੈ ਬੰਦਗੀ ਮੇਰੀ।
ਤੇਰੀ ਪਲਕਾਂ ਦੀ ਛਾਂ
ਉਡੀਕਦੇ ਰਹੇ।
ਤਸਵੀਰ ਤੇਰੀ
ਹਿਰਦੇ ਉਲੀਕਦੇ ਰਹੇ।
ਤੇਰੇ ਦੀਦਾਰ ਨੂੰ ਤੜਫ਼ੇ,

ਨਜ਼ਰ ਕਿਉਂ ਸੰਗ ਗਈ ਤੇਰੀ।
ਤੇਰੇ ਸਾਹਾਂ ’ਚ ਜੀਉਣਾ,
ਹੈ ਜ਼ਿੰਦਗੀ ਮੇਰੀ
ਤੇਰੀ ਪਾਕੀਜ਼ਗੀ
ਮੇਰੀ ਵਾਸ਼ਨਾ ਨੂੰ ਮਾਰ ਗਈ।
ਰਹਿਮ ਦੀ ਇਕ ਨਜ਼ਰ,
ਮੇਰਾ ਜੀਵਨ ਸੰਵਾਰ ਗਈ।
ਮਰਨਾ ਵੀ ਤੇਰੇ ਹੱਥਾਂ ’ਚ,
ਹੈ ਪਸੰਦਗੀ ਮੇਰੀ
ਤੇਰੇ ਰਾਹਾਂ ਨੂੰ ਤੱਕਣਾ,
ਹੈ ਬੰਦਗੀ ਮੇਰੀ
ਤੇਰੇ ਸਾਹਾਂ ’ਚ ਜਿਉਣਾ,
ਹੈ ਜ਼ਿੰਦਗੀ ਮੇਰੀ।
ਤੇਰੇ ਰਾਹਾਂ ਨੂੰ ਤੱਕਣਾ,
ਹੈ ਬੰਦਗੀ ਮੇਰੀ।

## ਤੇਰੀ ਮੇਰੀ ਖੇਡ ਨਿਰਾਲੀ

ਜੱਗ ਤੋਂ ਖੇਡੀ ਓਹਲੇ।
ਤੇਰੇ ਮੇਰੇ ਨੈਣਾਂ ਥੱਲੇ,
ਇਸ਼ਕ ਪਿਆ ਬੁਰਕਾ ਖੋਲ੍ਹੇ।
ਭੁੱਲ ਕੇ ਆਪਾਂ ਚਾਵਾਂ ਵੰਝੀਂ,
ਖੜ੍ਹ ਖੜ੍ਹ ਗਾਈਏ ਸੋਹਲੇ।
ਬੁੱਤਾਂ ਦੀ ਫਿਰ ਹੋਸ਼ ਨਾ ਕਾਈ,
ਜਾਂ ਮੈਂ ਵਿਚ ਤੂੰਹੀ ਬੋਲੇ।

ਉੱਚੇ ਚੜ੍ਹ ਚੜ੍ਹ
ਦੇਵਤੇ ਬੈਠੇ,
ਕਿਰਤ ਕਰਮ ਦੇ ਮਾਰੇ।
ਮਾਤ ਲੋਕ ਤੋਂ ਡਰ ਕੇ ਭੱਜੇ,
ਲੁੱਟ ਖਸੁੱਟ
ਖ਼ੁਦਾ ਦੇ ਬੰਦੇ,

ਮੰਦਰ ਖ਼ੂਬ ਉਸਾਰੇ।
ਝੂਠੀ ਬਖ਼ਸ਼ਸ਼
ਝੂਠੀ ਮਹਿਮਾ
ਮਾਇਆ ਜਕੜੇ ਸਾਰੇ।
ਅੱਗ ਸਰਾਪੀ
ਕਿਆਮਤ ਢਾਈ,
ਕਪਟੀ ਕ੍ਰਿਪਾ
ਤਰਸ ਖ਼ੁਦਾਈ।
ਮੂਰਖ ਦੁਨੀਆਂ
ਸਾਰ ਨਾ ਜਾਣੇ,
ਇਹ ਸ਼ੈਤਾਨ ਚਤੁਰਾਈ।
ਮੱਥੇ ਰਗੜੇ
ਆਪਾ ਵਾਰੇ,
ਭਟਕੀ ਫਿਰੇ ਲੁਕਾਈ।
ਯਾਦ ਤੇਰੀ ਦੀ
ਮਸਤੀ ਡਾਢੀ,
ਬਖ਼ਸ਼ੇ ਬੇਪਰਵਾਹੀ,
ਅਸਾਂ ਆਸ
ਕੋਈ ਨਾ ਤੱਕੀ,
**ਸੱਜਣਾ ਪ੍ਰੀਤ ਇਲਾਹੀ**।

ਆਪਾਂ ਤਾਂ ਹੁਣ, **ਬੇਪਵਰਾਹੀ ਵਿਹੜੇ**
ਮੁੱਕੇ ਅਕਲਾਂ ਸੋਚਾਂ ਦੇ ਝੇੜੇ।
ਰੂਪੋਂ ਅੱਜ ਅਰੂਪ ਹਾਂ ਹੋਏ।
ਜਾਂ ਸੱਚੇ ਸੰਗ ਸਹੇੜੇ।
ਤੇਰੀ ਮੇਰੀ ਹੋਂਦ ਨਾ ਕੋਈ,
ਇਸ਼ਕ ਹੁਸਨ ਦੇ ਖੇੜੇ।

ਆ ਆਪਣੀ **ਚਿੰਤਾ ਲਾਹ ਲਈਏ**
ਛਾਵੇਂ ਬੇਪਰਵਾਹੀ ਬਹਿ ਲਈਏ।
ਐਵੇਂ ਦੁਨੀਆਂ ਆਪ ਖਪਾਇਆ ਨੀ।

ਨਫ਼ਰਤ ਦਾ ਲਾਂਬੂ ਲਾਇਆ ਨੀ।
ਆ ਪਿਆਰ ਦਾ ਬੁਰਕਾ ਪਾ ਲਈਏ।
ਆ ਆਪਣੀ ਚਿੰਤਾ ਲਾਹ ਲਈਏ।
ਸੁਖ ਸ਼ਾਂਤੀ ਡੇਰਾ ਦੂਰ ਨੀ।
ਦੁਖ ਗ਼ਮਾਂ ਜੱਗ ਭਰਪੂਰ ਨੀ।
ਆ ਗ਼ਮਾਂ ਦੀ ਗਠੜੀ ਲਾਹ ਲਈਏ।
ਛਾਵੇਂ ਬੇਪ੍ਰਵਾਹੀ ਬਹਿ ਲਈਏ।
ਏਥੇ ਈਰਖਾ ਫਿਰੇ ਪ੍ਰਧਾਨ ਨੀ।
ਹਰ ਦਿਲ 'ਤੇ ਪਹਿਰਾ ਸ਼ੈਤਾਨ ਨੀ।
ਉੱਠ ਆਪਣੀ ਹੋਂਦ ਜਤਾ ਲਈਏ।
ਆ ਆਪਣੀ ਚਿੰਤਾ ਲਾਹ ਲਈਏ।

ਪਾ ਕੇ **ਸਾਂਝ ਦਿਲਾਂ ਦੀ**
ਹੁਣ ਕਿਉਂ ਵੱਸੀਏ ਓਹਲੇ।
ਦੱਬੀਆਂ ਘੁੱਟੀਆਂ ਸੱਧਰਾਂ ਰੀਝਾਂ,
ਫੁੱਟਣ ਬਣ ਬਣ ਸ਼ੋਲੇ।
ਮੇਰਾ ਵਜੂਦ ਤਾਂ ਤੇਰਾ ਸਾਇਆ,
ਜੀਵਨ ਭੇਦ ਇਹ ਖੋਲ੍ਹੇ।

ਦੂਰ ਹੋ ਹੋ **ਨਾ ਸਾਨੂੰ ਤੜਫਾਓ**
ਲਾ ਕੇ ਲਾਰੇ ਪਿਆਰਾਂ ਦੇ,
ਨਾ ਸਾਨੂੰ ਹੋਰ ਸਤਾਓ।

ਸਬਰ ਪਿਆਲੇ ਉਡੀਕ ਦੇ
ਭਰਪੂਰ ਹੋ ਗਏ।
ਆਸਾਂ ਦੇ ਉੱਸਰੇ ਮਹਿਲ
ਢਹਿ ਢੇਰੀ ਹੋ ਗਏ।
ਯਾਦਾਂ ਦੇ ਆਂਗਨ ਵਾੜ,
ਨਾ ਸਾਨੂੰ ਭੁਲਾਓ।
ਦੂਰ ਹੋ ਹੋ ਨਾ ਸਾਨੂੰ ਤੜਫਾਓ।
ਪਾ ਕੇ ਤੁਸਾਂ ਨੂੰ,

ਅਸੀਂ ਸਰੂਰ ਹੋ ਗਏ।
ਜੀਵਨ ਭੈ-ਸਾਗਰਾਂ, ਤੋਂ
ਮਫ਼ਰੂਰ ਹੋ ਗਏ।
ਵਾਸਤਾ ਪਿਅਰ ਦਾ
ਆ ਗਲ ਲਾਓ।
ਲਾ ਕੇ ਲਾਰੇ ਪਿਆਰਾਂ ਦੇ,
ਸਾਨੂੰ ਨਾ ਸਤਾਓ।

**ਤੇਰੇ ਪ੍ਰੇਮ ਬਾਣ ਦਾ** ਚਾਅ ਡਾਢਾ,
ਹਰਦਮ ਕਲੇਜੇ ਵੱਜਿਆ ਰਹੇ।
ਅੱਲ੍ਹਾ ਜ਼ਖ਼ਮ ਕੋਈ ਸਰੂਰ ਜਾਪੇ,
ਦਰਦ ਏਸ 'ਚ ਸਦਾ ਹੀ ਕੱਜਿਆ ਰਹੇ।
ਜੰਗਲ ਫੁਰਨਿਆਂ 'ਚ ਸ਼ੇਰ ਬਣ ਕੇ,
ਤੇਰਾ ਇਸ਼ਕ ਹਮੇਸ਼ਾ ਗੱਜਿਆ ਰਹੇ।

ਐ ਜੀਵਨ ਦੇ
ਬਿੱਖੜੇ ਪੈਂਡੇ,
ਸਮਾਜੀ ਰੈਣ ਬਸੇਰਾ।
ਡੁਸਕ ਡੁਸਕ
ਰਾਤ ਗੁਜ਼ਾਰਾਂ,
ਹਉਕੇ ਭਰ ਸਵੇਰਾ।

ਹਿਜਰੀ ਅੱਗ
ਸਤਾਵੇ ਡਾਢੀ,
ਝੁਲਸ ਝੁਲਸ
ਮਰ ਜਾਵਾਂ।
ਮਿਲਣ ਤਾਂਘ
ਨਾ ਮੁੱਕੇ ਮੇਰੀ,
ਕੀ ਪੀਵਾਂ ਕੀ ਖਾਵਾਂ?

ਹਾਲ ਦਿਲੇ ਦਾ

ਕਿਸਨੂੰ ਦੱਸਾਂ?
ਕੋਈ ਨਾ ਦਰਦੀ ਮੇਰਾ।
ਲੱਖਾਂ ਸੂਰਜ
ਚੜ੍ਹਨ ਅਕਾਸ਼ੀਂ,
**ਸੱਜਣਾ ਬਾਝ ਹਨੇਰਾ।**

ਪਾੜ ਕੇ ਪਰਦੇ ਸ਼ਰਮ ਦੇ,
**ਇਸ਼ਕ ਸਕੂਲੀਂ ਆਇਆ।**
ਚੜ੍ਹ ਚੜ੍ਹ ਸੂਲੀ ਫੁਰਨਿਆਂ,
ਸਬਰ ਦਾ ਸਬਕ ਪਕਾਇਆ।
ਪੁਰਜ਼ਾ ਪੁਰਜ਼ਾ ਕੱਟ ਜਾਏ,
ਸੀ ਨਾ ਮੁੱਖ ਅਲਾਇਆ।
ਇਹ ਸਭ ਸੁਪਨਾ ਜਾਪਿਆ,
ਜਾਂ ਸੱਚੋ ਸੱਚ ਮਿਲਾਇਆ।

ਬ੍ਰਿਹੋਂ ਦੀ ਅੱਗ ਜਲਾ ਕੇ, **ਤੈਂ ਕੀ ਖੱਟਿਆ?**
ਸਾਨੂੰ ਖ਼ਾਕ ਰੁਲਾ ਕੇ, ਤੈਂ ਕੀ ਖੱਟਿਆ?
ਅਸੀਂ ਤਾਂ ਗੋਦ ਤੇਰੀ 'ਚ ਥਾਂ ਨੂੰ ਤੜਫੇ।
ਗਲੇ ਦੁਆਲੇ ਆਪਣੇ, ਤੇਰੀ ਬਾਂਹ ਨੂੰ ਤਰਸੇ।
ਸਾਨੂੰ ਦੂਰ ਭਜਾ ਕੇ, ਤੈਂ ਕੀ ਖੱਟਿਆ?
ਬ੍ਰਿਹੋਂ ਦੀ ਅੱਗ ਜਲਾ ਕੇ, ਤੈਂ ਕੀ ਖੱਟਿਆ?
ਤੇਰੇ ਨਾਲ ਨਜ਼ਰ ਮਿਲਾਣ ਦੀ ਚਾਹ ਸੀ ਮੇਰੀ।
ਤੇਰੀ ਪਲਕਾਂ ਦੀ ਛਾਇਆ ਪਨਾਹ ਸੀ ਮੇਰੀ।
ਨੈਣ ਸਾਥੋਂ ਛੁਪਾ ਕੇ, ਤੈਂ ਕੀ ਖੱਟਿਆ?
ਸਾਨੂੰ ਖ਼ਾਕ ਰੁਲਾ ਕੇ, ਤੈਂ ਕੀ ਖੱਟਿਆ?
ਬ੍ਰਿਹੋਂ ਦੀ ਅੱਗ ਜਲਾ ਕੇ, ਤੈਂ ਕੀ ਖੱਟਿਆ?
ਸਾਨੂੰ ਖ਼ਾਕ ਰੁਲਾ ਕੇ, ਤੈਂ ਕੀ ਖੱਟਿਆ?

ਐ ਸ਼ਾਮ ਤੂੰ
ਪਿਆਰੀ ਡਾਢੀ,
ਪਿਆਰ ਦੇ ਚਿੱਤੀ ਭਾਵੇਂ।

ਬੱਚੇ ਬੁੱਢੇ
ਮਮਤਾ ਭਿੱਜੇ
ਠੰਢ ਕਲੇਜੇ ਪਾਵੇ।
ਖਿੜ ਖਿੜ ਹਾਸੇ
ਛਣਕਣ ਵੰਙਾਂ,
ਪਿਆਰ ਉਮੜਦਾ ਜਾਵੇ।
ਪ੍ਰੇਮ ਹਥੇਲੀ
ਸੱਜਣਾ ਪਕੜੀ
ਹੁਸਨੀਂ ਪੈਣ ਹੁਲਾਰੇ।
ਖੁਸ਼ੀਆਂ ਭਰ
ਬਹਾਰਾਂ ਆਈਆਂ,
ਗ਼ਮ ਨਾ ਫੇਰਾ ਪਾਵੇ।
ਇਸ ਵਾਦੀ ਵਿਚ
ਇਕ ਮੈਂ ਵਿਚਾਰਾ,
ਬਿੱਟ ਬਿੱਟ
ਸਭ ਨੂੰ ਤੱਕਾਂ,
ਮਲਕੜੇ ਜਹੇ
ਜੇ ਤੂੰ ਆ ਕੇ
**ਮੈਨੂੰ ਝਾਤ ਬੁਲਾਵੇਂ।**

**ਜ਼ੁਲਫ਼ਾਂ ਦੀ ਛਾਵੇਂ**, ਮੈਂ ਲਾਇਆ ਡੇਰਾ।
ਹਰ ਪਲ ਮਸਤ, ਬਹਾਰੀਂ ਖੇਡਾਂ,
ਭਾਵੇਂ ਰਾਤ ਜਾਂ ਸਵੇਰਾ।
ਬਿਸਰੀਆਂ ਯਾਦਾਂ, ਚਾਅ ਹੰਢਾਏ।
ਅੱਜ ਤਾਂ ਸਾਡੇ, ਵਿਹੜੇ ਆਏ।
ਝੁਕ ਝੁਕ ਦੇਖਾਂ, ਮੁੱਖੜਾ ਤੇਰਾ।
ਜ਼ੁਲਫ਼ਾਂ ਦੀ ਛਾਵੇਂ, ਮੈਂ ਲਾਇਆ ਡੇਰਾ।
ਹਰ ਦਮ ਦਰਦ ਕਲੇਜੇ ਰਹਿੰਦਾ।
ਬੁਰਕੀਂ ਹੁਸਨ ਸੌਣ ਨਾ ਦੇਂਦਾ।
ਉਠੇ ਬੁਰਕਾ ਤੱਕਾਂ ਜਲਵਾ ਤੇਰਾ।
ਜ਼ੁਲਫ਼ਾਂ ਦੀ ਛਾਵੇਂ ਮੇਰਾ ਡੇਰਾ।

ਸਬਰਾਂ ਦੀ ਵੀ ਕੋਈ ਹੱਦ ਏ ਹੁੰਦੀ।
ਹੁਸਨਾਂ ਦੀ ਵੀ ਕੋਈ ਸੱਦ ਏ ਹੁੰਦੀ।

ਹੱਦੋਂ ਸੱਦੋਂ ਬਾਹਰ, ਧੰਨ ਤੇਰਾ ਜੇਰਾ।
ਜ਼ੁਲਫ਼ਾਂ ਦੀ ਛਾਵੇਂ, ਮੇਰਾ ਡੇਰਾ।
ਤੈਨੂੰ ਹੋਰ ਬੁਲਾਵਾਂ ਕੀਕੂੰ?
ਆਪਣਾ ਇਸ਼ਕ ਜਤਾਵਾਂ ਕੀਕੂੰ?
ਉਠਣ ਪਲਕਾਂ ਤਾਂ ਸਾਇਆ ਤੇਰਾ।
ਜ਼ੁਲਫ਼ਾਂ ਦੀ ਛਾਵੇਂ ਮੈਂ ਲਾਇਆ ਡੇਰਾ।
ਹਰ ਪਲ ਮਸਤ, ਬਹਾਰੀਂ ਖੇਡਾਂ
ਭਾਵੇਂ ਰਾਤ ਜਾਂ ਸਵੇਰਾ।
ਜ਼ੁਲਫ਼ਾਂ ਦੀ ਛਾਵੇਂ ਮੈਂ ਲਾਇਆ ਡੇਰਾ।

## ਆ ਹੁਸਨੀਂ ਇਸ਼ਕ ਵੰਡਾ ਲਈਏ

ਰਲ ਖੁਸ਼ੀਆਂ ਜੱਫ਼ੀਆਂ ਪਾ ਲਈਏ।
ਇਹ ਜੱਗ ਤਾਂ ਸੁੰਦਰ ਵਾਦੀ ਨੀ।
ਜੇ ਹਿਰਦੇ ਧੜਕੇ ਸ਼ਾਦੀ ਨੀ।
ਐਸੀ ਧੜਕਨ ਹਿਰਦੇ ਪਾ ਲਈਏ।
ਮੈਨੂੰ ਤੇਰਾ ਹੁਸਨ ਪਿਆਰਾ ਨੀ।
ਸਾਂਭੀਂ ਮੇਰਾ ਇਸ਼ਕ ਨਿਆਰਾ ਨੀ।
ਆ ਇਨ੍ਹਾਂ ਦਾ ਰੂਪ ਵਟਾ ਦਈਏ।
ਰਲ ਖੁਸ਼ੀਆਂ ਜੱਫ਼ੀਆਂ ਪਾ ਲਈਏ।
ਆ ਹੁਸਨੀਂ ਇਸ਼ਕ ਵੰਡਾ ਲਈਏ।
ਰਲ ਖੁਸ਼ੀਆਂ ਜੱਫ਼ੀਆਂ ਪਾ ਲਈਏ।

## ਰਚਨਾ ਦਾ ਹਰ ਰੂਪ

ਮਾਇਆ ਦਾ ਅੰਗ ਹੈ।
ਚੇਤਨਾ ਦਾ ਭੋਗਣਾ
ਜੀਵਨ ਅਨੰਦ ਹੈ।
ਏਸ ਸਭ ਦਾ ਗਿਆਨ ਹੀ,
ਪਰਮ ਅਨੰਦ ਹੈ।

ਦਿਨੇ ਰਾਤੀਂ ਚੈਨ ਨਾ ਆਵੇ,
ਵੇ ਪੱਟੀ ਆਂ ਤੇਰੀ ਯਾਰੀ।
ਜ਼ਖ਼ਮ ਬ੍ਰਿਹੋਂ ਮਾਰ ਮੁਕਾਈਆਂ,
ਧਾਹਾਂ ਮਾਰ ਮੈਂ ਹਾਰੀ।
ਐਵੇਂ ਦੁਨੀਆਂ ਪਾਗਲ ਕਹਿੰਦੀ,
ਅਸਾਂ ਤੇਰੀ ਪ੍ਰੇਮ ਖੁਮਾਰੀ।
ਇਸ਼ਕ ਤੇਰੇ ਹੋਸ਼ ਉਡਾਇਆ,
**ਸਾਨੂੰ ਹੋਰ ਨਾ ਕੋਈ ਬੀਮਾਰੀ।**

**ਇਸ਼ਕ ਦੀ ਸੂਲੀ ਚੜ੍ਹ ਕੇ,**
ਮੈਂ ਜੀਵਨ ਪਾਇਆ।
ਹਉਮੈਂ ਫਾਂਸੀ ਲਾ 'ਤੀ,
ਜਾਂ ਸੱਚ ਸਮਾਇਆ।
ਬਖਸ਼ੇ ਮਾਣ ਨਿਮਾਣਿਆਂ,
ਜਾਂ ਆਪ ਗਵਾਇਆ।
ਜੀਵਨ ਸਫ਼ਲ ਹੋ ਗਿਆ।
ਜਾਂ ਮਰ ਜੀਵਾਇਆ।

**ਧਰਤੀ ਕਾਂਬਾ ਛਿੜ ਪਿਆ,**
ਅਰਸ਼ੀਂ ਹਾਲ ਦੁਹਾਈ।
ਇੰਦਰ ਅਖਾੜਾ ਡੋਲਿਆ,
ਤੈਂ ਭੰਨੀ ਜਾਂ ਅੰਗੜਾਈ।
ਸਬਰ ਸਮੁੰਦਰ ਉਛਲਿਆ,
ਜਾਂ ਹੁਸਨ ਕਿਆਮਤ ਢੋਈ।
ਇਸ਼ਕੀਂ ਅਲਖ ਜਗਾਵਣੀ,
ਰਹੀ ਬੁੱਤੀਂ ਨਾ ਅਰਜ਼ੋਈ।

**ਸਬਰ ਦੇ ਆਂਗਣ**
ਇਸ਼ਕ ਕਮਾਇਆ,
ਬੁੱਤ ਨੂੰ ਰੱਖ ਕੇ ਓਹਲੇ।

ਯਾਰ ਦਾ ਮੁੱਖੜਾ ਤੱਕਣ ਖਾਤਰ,
ਜਨਮੀਂ ਰਹੇ ਹੋ ਗੋਲੇ।
ਬੁੱਤ ਦੀ ਹੋਸ਼ੀਂ ਯਾਰ ਗਵਾਇਆ,
ਹਿਜਰੀ ਪੀੜਾਂ ਨੇ ਮੂੰਹ ਖੋਲ੍ਹੇ।
ਯਾਰ ਦਾ ਰੂਪ ਇਸ਼ਕ ਵਟਾਇਆ,
ਜਾਂ ਰਹਿਮਤ ਯਾਰ ਹੋ ਬੋਲੇ।

# ਭਾਗ ਦੂਜਾ

**ਹੈ ਜੀਵਨ ਸੁਹਾਵਣਾ**
ਖਿੜੇ ਗੁਲਾਬ ਵਰਗਾ।
ਮੈਂ ਨਿਆਮਤਾਂ ਦਾ ਮਾਲਕ
ਤੇਰੀ ਬਖ਼ਸ਼ਸ਼ ਸਦਕਾ।
ਤੇਰਾ ਸ਼ੁਕਰਗੁਜ਼ਾਰ ਹੋਣਾ
ਹੈ ਬੇਮੈਹਣਾ; (ਬੇ-ਮਾਇਨਾ)
ਰਚਨਾ ਨੂੰ ਝੁਠਲਾਉਣਾ।
ਖੁਦਾ ਨੂੰ ਛੁਟਿਆਉਣਾ।

ਮੈਂ ਕੀ ਜਾਣਾਂ?
ਤੂੰ ਹੀ ਜਾਣੇ।
ਮੈਨੂੰ ਤਾਂ ਪਤਾ ਹੈ
ਤੂੰ ਮੇਰਾ ਕਿਆਮ ਏਂ।
ਧੰਨਵਾਦ ਵਿਧਾਤੇ ਦਾ
ਜਿਨ੍ਹ ਤੈਨੂੰ ਮਿਲਾਇਆ।
ਤੂੰ ਚੇਤਨਾ ਦਾ ਨੂਰ
ਜਿਸ ਮੈਨੂੰ ਰੁਸ਼ਨਾਇਆ।

**ਤੇਰਾ ਮੇਰਾ**
**ਮਿਲਣ ਤਾਂ,**
ਇਕ ਦੁਮੇਲ ਹੈ
ਧਰਤੀ ਆਕਾਸ਼ ਦਾ
ਜਿਥੇ ਸੁਮੇਲ ਹੈ।

ਮੈਂ ਵਾਂਗ ਖ਼ਲਾਅ,
ਤੂੰ—ਜੀਵਨ ਦਾ ਜਲਾਅ
ਤੇਰਾ ਅਕਸ ਹੀ
ਮੇਰਾ ਵਜੂਦ ਹੈ।
ਮੇਰੀ ਚੇਤਨਾ
ਤੇਰਾ ਹਦੂਦ ਹੈ।

**ਆਪਾਂ ਤਾਂ**
**ਰੁਲੀਆਂ ਸ਼ਖ਼ਸੀਅਤਾਂ**,
ਬੇਜੋੜ ਜੋੜੀਆਂ,
ਪਤਾ ਨਹੀਂ!
ਵਿਧਾਤਾ ਨੇ
ਤੋੜੀਆਂ ਕਿ ਜੋੜੀਆਂ?

ਇਕ ਦੂਏ ਤੋਂ ਵੱਧ
ਕੋਈ ਕਿਸੇ ਤੋਂ
ਘੱਟ ਨਹੀਂ।
ਬਾਵਜੂਦ
ਬਹੁਤਾਤ ਅਕਲ ਦੇ
ਕਿਉਂ
ਸੋਚਾਂ ਨੇ ਸੌੜੀਆਂ??

**ਤੂੰ—ਮੇਰੀ**
**ਮੈਂ ਤੇਰੀ**
ਕਦਰ ਨਾ ਪਾਈ।
ਜ਼ਿੰਦਗੀ ਦੋਨਾਂ
ਐਵੇਂ ਗੁਆਈ।

ਹੋਵਾਂਗੇ ਬੇਸ਼ੱਕ
ਦੋਨੋਂ ਹੀ ਫ਼ਰੇਸ਼ਤੇ,

ਇਨਸਾਨ ਬਣਨ ਦੀ
ਪਰ ਜਾਚ ਨਾ ਆਈ।

## ਮੈਂ ਕੀ?
## ਤੂੰ ਕੀ?

ਉਹ ਕੀ?
ਮੈਂ ਤੂੰ ਅਤੇ ਉਹ ਕੀ
ਦਾ ਸਵਾਲ!
ਮੇਰੀ ਸੋਚ—ਬੁੱਧ 'ਚ
ਚਲਦਾ ਰਿਹਾ।
ਉਮਰ ਦਾ ਦੀਵਾ
ਬਲਦਾ ਰਿਹਾ।
ਸਵਾਸਾਂ ਦਾ ਤੇਲ
ਜਲਦਾ ਰਿਹਾ
ਜਾਣੇ ਅਣਜਾਣੇ
ਮੇਰਾ ਆਪਾ
ਢਲਦਾ ਰਿਹਾ।

## ਕਰ ਇਕਰਾਰ ਪਿਆਰ ਦਾ

ਜਾਂ ਜਵਾਬ ਦੇ ਦੇ।
ਖੜ੍ਹਾਂ ਬਰਾਬਰ ਤੇਰੇ
ਏਨਾ ਸਤਿਕਾਰ ਦੇ ਦੇ।
ਮੇਰਾ ਦਾਮਨ
ਬੜਾ ਵਿਸ਼ਾਲ ਹੈ,
ਰੀਝਾਂ ਦੀ ਪਰਭਾਤ ਦੇ ਦੇ।
ਜਾਂ ਆਹਾਂ ਦੀ ਰਾਤ ਦੇ ਦੇ।

ਤੇਰੇ ਹੁਜਰੇ 'ਤੇ
ਅਲਖ ਜਗਾਈ ਹੈ
ਜੀਵਨ ਦਾ ਸਾਥ ਦੇ ਦੇ।
ਜਾਂ ਵਿਸਰਨ ਦੀ ਦਾਤ ਦੇ ਦੇ।

ਤੇਰੀ ਬਖ਼ਸ਼ਸ਼
ਮੈਨੂੰ ਮਨਜ਼ੂਰ ਹੈ
ਸਬਰ ਦੀ ਖ਼ਲਾਅ ਦੇ ਦੇ।
ਜਾਂ ਹੰਝੂਆਂ ਦੀ ਬਰਸਾਤ ਦੇ ਦੇ।

## ਤੇਰੇ ਆਉਣ ਨਾਲ

ਆਂਗਨ ਮੇਰਾ
ਚਮਕ ਉਠਿਆ,
ਆਲਾ ਦੁਆਲਾ
ਦਮਕ ਉਠਿਆ।

ਲਹਿਰ ਵਹਿਣ ਲੱਗੀ
ਹਵਾ
ਖੁਸ਼ੀਆਂ ਦੀ ਵਗੀ
ਕੀ ਰੋਕੂ ਕਿਨਾਰਾ
ਮਜਬੂਰੀਆਂ ਦਾ
ਜਾਂ ਹੜ੍ਹ
ਚਾਅ ਦਾ ਵਗਿਆ।

## ਮੇਰੇ ਬੱਚੇ

ਸਾਡੇ ਸਰੀਰ ਦੇ ਅੰਗ
ਭਾਵਨਾਵਾਂ-ਇੱਛਾਵਾਂ ਦੀ
ਤਰੰਗ।
ਮਨ ਦੀ-ਰੂਹ ਦੀ
ਉਮੰਗ।
ਚਲੇ ਜੀਵਨ
ਚਲਦਾ ਕੁਟੰਬ
ਇਨ੍ਹਾਂ ਸੰਗ।

## ਮੈਨੂੰ
## ਮੇਰੀ ਬੇਪ੍ਰਵਾਹੀ ਨੇ ਮਾਰਿਆ

ਤੈਨੂੰ
ਤੇਰੇ ਕੰਮਾਂ-ਜ਼ੁੰਮੇਵਾਰੀਆਂ ਨੇ ਮਾਰਿਆ,
ਮਾਰਿਆ ਤੇ ਮਾਰਿਆ
ਸਾਨੂੰ ਦੋਨਾਂ ਨੂੰ ਮਾਰਿਆ।
ਸਮੇਂ ਨੇ ਲਿਤਾੜਿਆ,
ਸਾਡੇ ਸੰਸਕਾਰਾਂ ਨੇ ਮਾਰਿਆ।

ਇਕੱਠੇ ਜਿਉਣਾ ਅਤੇ ਮਰਨਾ
ਤਾਂ ਭਾਵੇਂ, ਮੰਜ਼ਲ ਹੈ ਸੀ,
ਪਰ ਅਫ਼ਸੋਸ ਕਿ
ਕਿਸਮਤ ਨੇ
ਸਾਨੂੰ
ਵੱਖ ਵੱਖ ਮਾਰਿਆ।

## ਸਾਡੇ ਬੱਚੇ

ਸਾਡਾ ਭਵਿੱਖ
ਸਾਡੀ ਪਹਿਚਾਣ।
ਸਾਡਾ ਜੀਵਨ
ਸਾਡੀ ਜਾਨ।
ਵੱਡੀਆਂ ਆਸਾਂ
ਵੱਡੀ ਸ਼ਾਨ।
ਦੇਸ ਪਰਦੇਸ
ਖੁਸ਼ੀਆਂ ਮਾਨਣ,
ਪਾਵਣ ਮਾਣ।
ਏਹੀ ਲੋਚਾ
ਏਹੋ ਸੋਚਾ
ਹਰ ਪਲ
ਹਰ ਛਿੰਨ
ਏਸੇ ਵਿਚ ਧਿਆਨ।
ਸਾਡੇ ਬੱਚੇ
ਸਾਡੀ ਪਹਿਚਾਣ।

**ਅੱਧੋਂ ਵੱਧ ਦੀ**
ਘੋਲ ਘੁਮਾਈ,
ਅਕਲ ਸੋਚ ਦੀ
ਭਰਪੂਰ ਕਮਾਈ;
ਨਾਲ ਭੀ--ਮੈਂ
ਆਪਾ ਨਾ ਜਾਣਾ!
ਖੁਦ ਨੂੰ
ਨਾ ਪਹਿਚਾਣਾ।

ਦੱਸ!
ਕਿਸ ਅੰਹਮ ਤੇ
ਕਿਸ ਭਰੋਸੇ,
ਮੇਰਾ ਦਾਅਵਾ
ਕਿ ਮੈਂ
ਤੈਨੂੰ ਜਾਣਾ?
ਮੈਂ ਤੈਥੋਂ ਸਿਆਣਾ?
ਤੂੰ ਮੈਥੋਂ ਨਿਆਣਾ?

**ਸੱਚ ਆਖਾਂ**
ਜੇ ਸੱਚ ਜਾਣੇ।
ਨਾਲ ਪੂਰੇ ਡੰਕੇ,
ਅਤੇ ਪੂਰੇ ਦਾਅਵੇ;
ਮੈਂ ਪਾਵਾਂ ਦੁਹਾਈ।
ਮੇਰੀ ਜਾਣ
ਮੇਰੀ ਪਛਾਣ
ਤੈਂ ਵਿਚੋਂ ਆਈ।
ਜਿਵ ਸ਼ੀਸ਼ੇ ’ਚੋਂ
ਨਿਕਲੇ ਪ੍ਰਛਾਈ।

**ਜਿਵ ਚਾਹੋ**
ਖੜਕੋ-ਗੜ੍ਹਕੋ

ਜਾਂ
ਭੜਕੋ-ਤੜਫੋ
ਬਿਨ
ਇਕ ਦੂਜੇ
ਗੁਜ਼ਾਰਾ ਨਹੀਂ।
ਆਪੋ ਆਪਣੀ
ਇਕੱਲੀ ਹੋਂਦ
ਜੀਵਨ ਦੀ
ਭਲਕ ਨੂੰ
ਗਵਾਰਾ ਨਹੀਂ
ਜੀਵਨ...

## ਮੇਰਾ ਸੱਤ

ਮੇਰੀ ਪੱਤ
ਮੇਰੀ ਪਤਨੀ,
ਮੇਰੇ
ਬੱਚਿਆਂ ਦੀ ਮਾਂ।
ਉਹ ਮੇਰਾ ਵਜੂਦ
ਮੈਂ ਉਸਦੀ ਛਾਂ
ਇਸ ਧਰਤੀ 'ਤੇ
ਇਸ ਜੱਗ ਵਿਚ
ਮਾਂ ਤੋਂ ਬਾਅਦ
ਉਸਦੀ ਥਾਂ।
ਮੇਰਾ ਸੱਤ...

## ਤੈਨੂੰ ਮੇਰੀਆਂ ਗੱਲਾਂ ਨੇ ਮਾਰਿਆ

ਮੈਨੂੰ ਤੇਰੇ
ਕੰਮਾਂ ਨੇ ਮਾਰਿਆ।
ਫਿਰ ਵੀ
ਦੁਨੀਆਦਾਰੀ ਲਈ

ਲੋਕਾਚਾਰੀ ਲਈ
ਆਪਣੀ ਸਰਦਾਰੀ ਲਈ
ਆਪਾਂ ਦੋਨਾਂ
ਇਕ ਦੂਜੇ ਦਾ
ਬੁੱਤਾ ਸਾਰਿਆ।

ਇਕ ਦੂਜੇ ਨੂੰ—ਅਸਾਂ
ਰੱਬ ਨਹੀਂ ਮੰਨਿਆ,
ਕਮਜ਼ੋਰੀਆਂ ਤੇ ਮਜਬੂਰੀਆਂ ਨੇ
ਸਾਨੂੰ ਭੰਨਿਆ।
ਜਾਂ ਜਾਣਿਆ ਤਾਂ ਪਾਇਆ;
ਇਕ ਦੂਏ ਦਾ ਨੂਰ ਹਾਂ।
ਗ਼ਰੂਰ ਹਾਂ।
ਜੀਵਨ ਸਰੂਰ ਹਾਂ।

## ਕੇਹਾ ਜੋਗ ਹੈ?

ਕੇਹਾ ਸੰਜੋਗ ਹੈ?
ਤੂੰ—ਤੂੰ ਅਤੇ ਮੈਂ—ਮੈਂ ਹੀ ਰਹੇ।
ਬਾਵਜੂਦ ਲੱਖ ਯਤਨਾਂ ਦੇ
ਤੂੰ ਤੋਂ ਮੈਂ ਅਤੇ ਮੈਂ ਤੋਂ ਤੂੰ
ਜਿਓਂ ਦੇ ਤਿਓਂ ਚਲਦੇ ਰਹੇ।
ਤੇਜ਼ ਤੇਜ਼ ਜਾਂ ਹੌਲੇ ਹੌਲੇ
ਢਲਦੇ ਰਹੇ।

## ਤੂੰ ਖੁਦ ਰੋਈ

ਅਤੇ ਮੈਨੂੰ ਰੁਆਇਆ,
ਇਹ ਤੇਰੀ ਅਕਲ।
ਮੈਂ ਖੁਦ ਰੁਲਿਆ
ਅਤੇ ਤੈਨੂੰ ਰੁਲਾਇਆ,
ਮੰਨਿਆ ਕਿ ਮੈਂ ਹਾਂ ਬੇਅਕਲ।
ਮੈਂ ਤੈਨੂੰ ਪਾਇਆ

ਜਾਂ ਤੈਂ
ਖ਼ੁਦ ਨੂੰ
ਗੁਆਇਆ
ਸੰਜੋਗ ਸੀ ਜਾਂ
ਜੀਵਨ ਮਜਬੂਰੀ?
ਹਰ ਪਲ
ਕੋਲ ਰਹਿੰਦੇ ਵੀ
ਜੀਵੀਏ ਦਮ-ਦਮ
ਦੀ ਦੂਰੀ।

**ਤੂੰ**

ਤੂੰ ਸੂਰਜ
ਆਫ਼ਤਾਬ ਦਾ
ਕਾਇਨਾਤ ਰੁਸ਼ਨਾਵੇ।
ਮੈਂ ਛੋਹ
ਹਨੇਰ ਸਰਾਪ ਦਾ
ਕਾਲਖ਼ ਵਰਸਾਵੇ।
ਸਦਕੇ ਤੇਰੀ ਹਿੰਮਤ ਦੇ
ਬਲਿਹਾਰੇ ਤੇਰੀ ਸ਼ਾਨ।
ਮੈਂ ਕਾਲਖ਼ ਧੋਹ ਨਾ ਸਕੇ
ਤੂੰ ਮੇਹਰਾਂ ਦੀ ਸੁਲਤਾਨ।
ਸ਼ਬਦ ਨਿਤਾਣੇ ਜਾਪਦੇ
ਕੀ ਕਰਨ ਵਿਖਿਆਨ।
ਤੂੰ ਪੂਰਨ ਆਪਣੇ ਆਪ 'ਚ
ਤੇਰੀ ਆਪਣੀ
ਆਪ ਪਛਾਣ।

**ਮੈਂ**

ਬੇਪ੍ਰਵਾਹ—ਸ਼ਰਧਾ
ਅਤੇ ਪਿਆਰ ਦਾ
ਵਜੂਦ ਅਮੁੱਲਾ।

ਮੁੱਲ ਨਾ ਅੰਕਣ
ਨਾ ਨਾਪ ਤੋਲ 'ਚ
ਮਾਪਣਾ।

ਤੁਹਾਡੇ ਚਾਅ
ਰੀਝਾਂ ਅਤੇ ਨੀਅਤ 'ਤੇ
ਨਿਰਭਰ ਤੋਹਫ਼ਾ ਹਾਂ।
ਮਾਂ, ਬਾਪ ਅਤੇ
ਖੁਦਾ ਵਲੋਂ
ਤੁਹਾਡੇ ਪ੍ਰਚਾਵੇ ਲਈ
ਮਨ ਬਹਿਲਾਵੇ ਲਈ
ਜਿਂਵ ਚਾਹੋ
ਜਦ ਚਾਹੋ
ਵਰਤਣਾ।

# ਭਾਗ ਤੀਜਾ

## ਨੂਰ ਸੀ ਕਿ ਕੋਹਤੂਰ ਸੀ

1. ਜੀਵਨ-ਪੰਧ ਦੇ ਸਾਂਝੀ-ਪਾਂਧੀ,
ਹੱਥ ਛੁਡਾ ਗਏ।
ਸਿਰਜਣਹਾਰ ਦੀ ਰਜ਼ਾ-ਹੁਕਮ
ਵਜਾ ਗਏ।
ਸੰਯੋਗ-ਵਿਯੋਗ, ਨਾਲ ਇਸ਼ਾਰੇ,
ਜੀਵਨ ਸੱਚ ਦਾ,
ਅਗਾਸ, ਵਿਕਾਸ, ਨਿਕਾਸ
ਸਮਝਾ ਗਏ।

2. ਮੇਰੀ ਹਉਮੈਂ, ਮੇਰਾ ਆਪਾ,
ਭਰ ਉਮਰ ਹੰਢਾਇਆ।
ਮਾਪੇ ਔਲਾਦ-ਰਿਸ਼ਤੇ-ਨਾਤੇ
ਸੰਗ ਚੁਫੇਰੇ,
ਵੱਟਦਾ ਰੂਪ ਖੁਦਾਇਆ।
ਵੱਟਦਾ ਰੂਪ ਖੁਦਾਇਆ।
ਮਾਇਆ ਮੋਹ, ਮੱਕੜ ਜਾਲ
ਸਮਾਜਕ ਕੁਦਰਤ ਦਾ ਵਰਤਾਰਾ,
ਤੈਂ ਬਿਨ ਹੋਂਦ ਜੋ
ਬਾਕੀ ਮੇਰੀ,
ਤੇਰੀ ਅਣਹੋਂਦ ਦਾ
ਸਰਮਾਇਆ।

3. ਤੂੰ ਗਰੂਤਾ ਜ਼ਿੰਦਗੀ ਦੀ
ਜਿਸ ਮੈਨੂੰ ਅਪਨਾਇਆ।
ਮੇਰੀ ਬੇਪ੍ਰਵਾਹੀ, ਬੇਪਨਾਹੀ,
ਸੀ ਤੇਰਾ ਸਾਇਆ।
ਹੱਸ ਹੱਸ ਜੀਵਿਆ
ਦੁਖ ਸੁਖ ਮੇਰਾ,
ਜਿਸ ਰੱਜ ਸਤਾਇਆ।
ਮੈਂ 'ਚੋਂ ਖੁਦ ਸਮੇਟ ਗਿਓਂ ਤੂੰ
ਇਹ ਮਖੌਟਾ ਰਿਹਾ ਬਕਾਇਆ।

4. ਤੂੰ ਪੀੜ ਜੀਵਨ ਦੀ
ਹੰਢਾਉਂਦੀ ਰਹੀ।
ਜ਼ਖ਼ਮ ਜੀਵਨ ਦੇ
ਸੀਉਂਦੀ ਰਹੀ।
ਮੈਂ ਜੀਵਨ ਹਨੇਰਾ
ਢੋਂਦਾ ਰਿਹਾ।
ਤੂੰ ਸੂਰਜ ਬਣ
ਰੁਸ਼ਨਾਉਂਦੀ ਰਹੀ।

5. ਆਸ ਦਾ ਚੱਪੂ ਲਾ ਲਾ ਕੇ
ਪਿਆਰ ਦੀ ਬੇੜੀ ਚਲਾਉਂਦੀ ਰਹੀ।
ਨਫ਼ਰਤ ਦੇ ਵੈਂਹਦੇ ਵੈਹਣਾਂ 'ਤੇ,
ਪੁਲ ਮੁਹੱਬਤ ਬਣਾਉਂਦੀ ਰਹੀ।

6. ਮੈਂ ਕੰਡਿਆਂ ਉਪਰ
ਤੁਰਦਾ ਤੁਰਾਉਂਦਾ ਰਿਹਾ,
ਨਾਲ ਜੀਵਨ ਦਰਦ
ਕਰਾਹੁੰਦਾ ਰਿਹਾ।
ਤੂੰ ਆਸ ਦੀ ਲੇਪ ਲਗਾਉਂਦੀ ਰਹੀ।
ਸਫ਼ਰ ਨਾਲ ਦਿਲਾਸੇ
ਮੁਕਾਉਂਦੀ ਰਹੀ।

7. ਮੈਂ ਮਜਬੂਰੀ ਦੇ
ਸੱਥਰ ਵਿਛਾਉਂਦਾ ਰਿਹਾ।
ਤੂੰ ਸੱਥਰ ਦੀਆਂ ਪੈੜਾਂ
ਬਣਾਉਂਦੀ ਰਹੀ।
ਪਿਆਰ ਸਤਿਕਾਰ ਦਾ ਲਾਈ ਲੰਗਰ।
ਜੀਵਨ ਜੋਤ ਜਗਾਉਂਦੀ ਰਹੀ।

8. ਮੈਂ ਝੱਖੜ ਝੰਬਿਆ ਖਿੰਘਰ ਕਰੂਰ ਸੀ
ਖਿੰਡਿਆ-ਪੁੰਡਿਆ ਜੀਵਨ ਗਰੂਰ ਸੀ
ਅਣਜਾਣ-ਨਿਦਾਣ ਫਤੂਰ ਸੀ
ਤੂੰ ਚਾਵਾਂ-ਭਾਵਾਂ ਦਾ ਨੂਰ ਸੀ—
ਆਪਣੀ ਕਇਨਾਤ ਦਾ ਨੂਰ ਸੀ—ਕੋਹਤੂਰ ਸੀ।

9. ਖੁਸ਼ੀਆਂ ਖੇੜੇ ਰੰਗ ਤਮਾਸ਼ੇ,
ਨੋਕਾਂ ਝੋਕਾਂ ਰੋਸੇ ਹਾਸੇ
ਖੁੱਸੀ ਮੰਜ਼ਲ ਗੁਆਚਾ ਸੰਗ
ਜੀਵਨ ਦਾ ਇਹ ਅਨੋਖਾ ਰੰਗ।
ਭਟਕਾਂ ਵਿਚ ਖ਼ਲਾਅ ਅਕਾਸ਼ੀਂ
ਵਾਂਗਰ ਟੁੱਟੇ ਪੱਤੇ—ਕੱਟੀ ਪਤੰਗ।

10. ਹੁਣ ਸੱਲ ਵਿਛੋੜਾ
ਹੰਢਾਉਣਾ ਪੈਣਾ,
ਰਹਿੰਦਾ ਫਰਜ਼
ਨਿਭਾਉਣਾ ਪੈਣਾ।
ਤੈਂਡਾ ਰੂਪ ਵਟਾਉਣਾ ਪੈਣਾ,
ਖੁਦ 'ਚੋਂ ਖੁਦ ਨੂੰ
ਪਾਉਣਾ ਪੈਣਾ।

## ਕੁਛ ਕਿਹਾ?

1. ਹਰ ਰੋਜ਼
ਪੁੱਛਦੇ ਹੋ
ਉਸ ਕਦੇ
ਤਾਂ, ਕੁਛ ਕਿਹਾ?
ਤਾਂ ਕੀ ਕਿਹਾ??
ਦੁਖ ਤਾਂ,
ਹੈ ਏਹੋ (ਏਹੀ)
ਕਿ ਉਸ ਕਦੇ
ਨਹੀਂ ਕੁਛ ਕਿਹਾ।
ਏਸ ਦਰਦ ਨੂੰ
ਕਹਿਣਾ ਔਖਾ,
ਦੱਬ ਦੱਬ
ਘੁੱਟ ਘੁੱਟ ਸੀਨੇ
ਸਹਿਣਾ ਔਖਾ।

2. ਉਹ ਆਈ
ਅਤੇ ਚਲੀ ਗਈ।
ਰਚਦੀ ਰਹੀ
ਰਸਾਉਂਦੀ ਰਹੀ,
ਰਚਨਹਾਰ ਵਾਂਗ
ਜਹਾਨ ਮੇਰਾ
ਵਸਾਉਂਦੀ ਰਹੀ।
ਅਤੇ ਸਜਾਉਂਦੀ ਰਹੀ।
ਕਿੰਝ ਕਮਾਉਣਾ
ਘੋਲ ਘੁਮਾਉਣਾ
ਵੱਲ ਜੀਉਣ ਦਾ
ਦੱਸਦੀ ਰਹੀ;
ਸੁਝਾਉਂਦੀ ਰਹੀ।

3. ਅਸੀਂ
ਆਪਣੀ ਸੋਚ
ਦੁੜਾਉਂਦੇ ਰਹੇ,
ਆਪਣੇ ਚਾਅ
ਰੀਝਾਉਂਦੇ ਰਹੇ
ਸਾਡਾ ਪਲਦਾ
ਗਰੂਰ ਰਿਹਾ,
ਉਹਦੇ ਜਜ਼ਬਾਤਾਂ ਦਾ
ਹੁੰਦਾ ਚੂਰ ਰਿਹਾ।
ਕਦੇ ਉਸਦੇ ਭਾਵੀ
ਤੱਕਿਆ ਨਹੀਂ।
ਖ਼ਿਆਲ ਅਹਿਸਾਸੀ
ਰਖਿਆ ਨਹੀਂ।

4. ਮਮਤਾ ਝਰਨਾ
ਸੁੱਕਿਆ ਨਹੀਂ
ਵਹਿਣ ਅਸੀਸਾਂ/ਬਖਸ਼ਸ਼
ਦਾ ਰੁਕਿਆ ਨਹੀਂ
ਅਸੀਂ ਕਾਗਜ਼ ਬੇੜੀ,
ਤਰਾਉਂਦੇ ਤਾਰਦੇ ਰਹੇ
ਵਾਂਗ ਬੱਚਿਆਂ ਬਣ ਅਣਜਾਣਾਂ
ਮਨ ਪਰਚਾਉਂਦੇ ਰਹੇ।

5. ਉਹ ਨਫ਼ਰਤ
ਜ਼ਹਿਰ ਪੀਂਦੀ ਰਹੀ,
ਹਿਰਖ ਥਪੇੜੇ
ਸਹਿੰਦੀ ਰਹੀ।
ਪਿਆਰ ਸਤਿਕਾਰ
ਸਿੰਘਾਸਣ
ਬੁਣਦੀ ਰਹੀ।
ਉਹ ਜ਼ਿੰਦਗੀ ਦਾ ਸ਼ਾਹਕਾਰ ਰਹੀ

ਬਖਸ਼ਸ਼ਾਂ ਦਾ ਭੰਡਾਰ ਰਹੀ
ਉਸ ਜੀਵਨ ਨੂੰ
ਰੁਸ਼ਨਾਇਆ,
ਢੋ-ਢੋ ਹਨੇਰ
ਮੁਕਾਇਆ।
ਅਸਾਂ ਨੂੰ ਸੜਕ
ਦਿਖਾਉਂਦੀ ਰਹੀ,
ਖੁਦ ਵੱਟੀਂ
ਬੰਨੇ, ਡੰਡੀ
ਪੰਧ ਮੁਕਾਉਂਦੀ ਰਹੀ।

6. ਬੂਟੇ ਲਗਾਉ
ਬਗੀਚੇ ਸਜਾਉ
ਕਰੋ ਅਰਦਾਸਾਂ
ਪਾਠ ਰਖਾਓ
ਸੁੱਖਣਾ ਸੁੱਖੋ,
ਮੰਨਤ ਮਨਾਓ
ਵਿਹੜੇ ਸ਼ੰਗਾਰੋ
ਸ਼ਰਧਾ ਪ੍ਰਚਾਰੋ
ਉਸਨੇ ਹੁਣ
ਆਉਣਾ ਨਹੀਂ।
ਸਤਣਾ ਅਤੇ
ਸਤਾਉਣਾ ਨਹੀਂ,
ਹੱਸਣਾ ਅਤੇ
ਹਸਾਉਣਾ ਨਹੀਂ।
ਯਾਦਾਂ ਨੂੰ ਜੱਫੀਆਂ
ਪਾਉਂਦੇ ਰਹੋ
ਸੀਨੇ ਫੁਰਨੇ
ਸਜਾਉਂਦੇ ਰਹੋ।

7. ਇੰਝ ਲਗਦਾ
ਅਸਾਂ ਉਹਨੂੰ
ਮਾਰ ਦਿੱਤਾ
ਲੱਗਿਆ ਉਸਨੂੰ
ਦੁਰਕਾਰ ਦਿੱਤਾ।
ਉਹ ਹਿਰਦੇ ਘੁੱਟੀ
ਭਾਂਬੜ ਗੁਬਾਰ ਰਹੀ,
ਪਾਉਂਦੀ ਪਰਦੇ
ਵੰਡਦੀ ਸਤਿਕਾਰ ਰਹੀ।
ਨਿਭਾਉਂਦੀ ਜ਼ਿੰਦਗੀ
ਕਿਰਦਾਰ ਰਹੀ।

8. ਆਪਣੇ ਜੀਵਨ ਦੀ
ਸਿਰਤਾਜ ਸੀ
ਸਮੇਂ ਦੀ
ਸ਼ਾਹਕਾਰ ਸੀ।
ਉਸਨੂੰ
ਵਰਤਣਾ-ਵਰਤਾਉਣਾ
ਆਉਂਦਾ ਸੀ।
ਬਖ਼ਸ਼ੇ ਜਾਣਾ
ਅਤੇ ਬਖ਼ਸ਼ਣਾ
ਭਾਉਂਦਾ ਸੀ।
ਬਖ਼ਸ਼ ਗਈ
ਬਖ਼ਸ਼ਾ ਗਈ
ਆਪਣੀ ਸਿਰਜੀ
ਦੁਨੀਆਂ 'ਚ
ਖ਼ੁਦ ਸਮਾ ਗਈ।

## ਆਲੀਸ਼ਾਨ ਮਕਾਨ

1. ਘਰ ਘਰ ਨਾ
ਪਰਵਾਰ ਪਰਵਾਰ।
ਕੁਛ ਦਿਸਦੇ ਚੇਹਰੇ,
ਗੁਆਚਾ ਇਨਸਾਨ
ਜਾਣੀਏ ਤਾਂ ਜੀਵਨ
ਹੈ ਦੁਰਲੱਭ ਗਿਆਨ
ਕਿਉਂ ਮੇਰਾ ਆਪਾ
ਲਹੂ-ਲੁਹਾਨ।

2. ਤੁਸੀਂ ਅੱਜ ਦੇ ਵਪਾਰੀ
ਕੱਲ੍ਹ ਦੇ ਸ਼ਿਕਾਰੀ
ਅਸੀਂ ਕੱਲ੍ਹ ਦੇ ਵਸੇਂਦੇ,
ਅੱਜ ਦੇ ਬੇਕਾਰੀ।
ਨਾ ਕੋਈ ਸਾਂਝ
ਨਾ ਮੇਲ ਮਿਲਾਪ
ਜਾਈਏ ਸਮੇਂ ਦੇ
ਬਲਿਹਾਰੀ।

3. ਆਸਾਂ ਦੇ ਮੁੱਕਣ
ਰੀਝਾਂ ਦੇ ਸੁੱਕਣ
ਰਹਿਣ-ਸਹਿਣ
ਕਹਿਣ ਬੇਕਾਰ
ਲਾਚਾਰ ਜੀਵਨ
ਬੇਲੋੜਾ ਭਾਰ।

4. ਹੋਈਏ
ਕਿਤਨੇ ਵੀ ਸਿਆਣੇ
ਅਤੇ ਹਿੰਮਤ ਵਾਲੇ,
ਪਰ ਨਹੀਂ
ਮਾਂ ਨੂੰ ਜਾਨਣ

ਮਮਤਾ ਨੂੰ ਮਾਨਣ ਦਾ ਚੱਜ
ਵਿਰਲੇ ਪਾਉਣ ਸੋਝੀ,
ਕੱਲ੍ਹ ਕੱਲ੍ਹ ਅਤੇ ਅੱਜ
ਲੈਂਦੇ ਕੱਜ।
ਤਾਂ ਹੀ ਤਾਂ
ਲੁਭਾਉਣ ਖੁਦ ਨੂੰ
ਪਾ ਪਾ ਪੱਜ।

5. ਹੀਣਤਾ 'ਚ ਨਹੀਂ
ਖੁਸ਼ੀ ਵਿਚ
ਚੜ੍ਹਦੀ ਕਲਾ,
ਇਹ ਨਹੀਂ
ਸਮਝ ਸਮਝਾਉਣ
ਦੀ ਗੱਲ।

6. ਜ਼ਰੂਰਤ ਜੇ ਸਮਝਣ ਦੀ
ਤਾਂ ਸਮਝੋ ਅੱਜ।
ਪਿਆਰ ਸਤਿਕਾਰ 'ਚ
ਹੋਵੇ ਗੁੱਝਾ ਕੱਲ੍ਹ।
ਲੋੜ ਇਹ
ਰਾਜ਼ ਟਟੋਲਣ ਦੀ
ਇਕ ਦੂਜੇ ਨੂੰ ਅਪਨਾਉਣ ਲਈ
ਖੁਦ ਨੂੰ ਪੜਚੋਲਣ ਦੀ।

7. ਕਦੇ ਕਦੇ—ਮੇਰੇ ਸਾਹਾਂ ਦੀ, ਰਾਹਾਂ ਦੀ;
ਮਾਲਕ ਜੀਵਨ ਦੀ:
ਕਾਮਨਵੈਲਥ ਦੀ ਮਲਕਾ
ਵਾਂਗਰ,
ਐਲਜ਼ਾਬੈਥ II ਜਾਪੇ,
ਜਿਸ ਪ੍ਰਨਾਇਆ ਅਪਨਾਇਆ
ਹੰਢਾਇਆ ਦੁੱਖ ਸੁੱਖ ਮੇਰਾ
ਰੋਸੇ ਅਤੇ ਹਾਸੇ,

ਵਾਂਗਰ ਯਤੀਮ ਨਿਦਾਣ
ਫਿਲਾਪੇ।

## ਨੂਰੋ ਨੂਰ ਹੋ ਗਈ

1. ਕਿਉਂ
ਹਰਿਆ ਭਰਿਆ
ਪਰਵਾਰ ਬਗੀਚਾ,
ਰਚਦੀ ਰਹੀ
ਪਾਲਦੀ ਰਹੀ
ਸ਼ਿੰਗਾਰਦੀ ਰਹੀ
ਬਹਾਰ ਆਉਣ ਤੋਂ
ਪਹਿਲਾਂ
ਖਿੜਨ-ਖਿੜਾਣ
ਤੋਂ ਪਹਿਲਾਂ
ਬਿਨ ਦੱਸੇ
ਬਿਨ ਕੁਛ ਕਹੇ
ਵਿਸਾਰ ਗਈ??

2. ਇੰਝ ਤਾਂ ਕੋਈ
ਨਹੀਂ ਜਾਂਦਾ!
ਮੁਖ ਮੋੜ ਕੇ
ਅੱਧ ਵਿਚਕਾਰੋਂ
ਤੋੜ ਕੇ।
ਪਲ ਪਲ
ਕਣ ਕਣ
ਬਿਨ ਰੋਕ ਟੋਕ
ਜਿਸਨੂੰ ਜੋੜਦੀ ਰਹੀ
ਲੋੜਦੀ ਰਹੀ।
ਕੀ ਇੰਝ ਕਰਨਾ
ਛੱਡ ਜਾਣਾ
ਜ਼ਰੂਰੀ ਸੀ

ਜਾਂ ਕੋਈ
ਮਜਬੂਰੀ ਸੀ
ਰੀਝਾਂ ਸੱਧਰੀ
ਭਰ ਉਮਰ
ਘਾਲੀ ਘਾਲਣਾ
ਵਿਕਾਰ ਗਈ?
ਵੱਡੇ ਦੱਬ ਦਬੇ
ਦੀ ਮਾਲਕ,
ਹਿੰਮਤ ਵਾਲੀ,
ਕਿਵੇਂ ਯਕੀਨ ਕਰਾਂ
ਕਿ ਜ਼ਿੰਦਗੀ ਤੋਂ
ਹਾਰ ਗਈ??

4. ਤੂੰ ਜਾਣਦੀ ਸੀ
ਪਛਾਣਦੀ ਸੀ
ਮੈਂ ਕਮਲਾ ਰਮਲਾ
ਨਿਦਾਣ ਹਾਂ
ਤੇਰੀ ਰਹਿਮਤ ਤੋਂ
ਅਣਜਾਣ ਹਾਂ
ਅਰਸ਼ੀਂ ਉਡਾਉਂਦੀ ਰਹੀ
ਵੰਡਦੀ ਵੰਡਾਉਂਦੀ ਰਹੀ।

ਨਿਤਾਣਿਆਂ ਲਈ ਤਾਣ
ਨਿਮਾਣਿਆਂ ਲਈ ਮਾਣ ਰਹੀ।
ਸਭ ਨੂੰ ਰਾਹ
ਦਰਸਾਉਂਦੀ ਰਹੀ
ਖ਼ੁਸ਼ੀਆਂ ਵੰਡਦੀ
ਵਰਤਾਉਂਦੀ ਰਹੀ
ਜਦ ਆਈ
ਵਾਰੀ ਸੀ ਜੀਊਣ ਦੀ
ਤੂੰ ਕਿਨਾਰਾ ਕਰ ਲਿਆ

ਛੱਡਣ ਆਪਣੇ
ਸਿਰਜੇ ਸੰਸਾਰ ਦਾ
ਕੇਡਾ ਜੇਰਾ
ਕਰ ਲਿਆ
ਤੂੰ ਗਈਓਂ,
ਜੀਵਨ ਬੇਪਰਵਾਹੀ
ਚੂਰੋ ਚੂਰ ਹੋ ਗਈ।
ਛੱਡ ਜੀਵਨ ਜੰਜਾਲ ਤੂੰ
ਨੂਰੋ ਨੂਰ ਹੋ ਗਈ।

◆

# ਕੁਝ ਸ਼ਬਦ ਆਪਣੇ ਵਲੋਂ

ਜੀਵਨ ਮਿਲਾਪ ਤੇ ਵਿੱਛੜਨ ਤੱਕ ਦੇ ਇਕਤਾਲੀ (1979-2020) ਸਾਲਾਂ ਦੇ ਜੀਵਨ ਸਫ਼ਰ 'ਚ ਭਾਵਨਾਵਾਂ ਚਾਵਾਂ, ਮਾਣੇ-ਅਣਮਾਣੇ ਜਜ਼ਬਿਆਂ ਦੇ ਸ਼ਬਦ ਰੂਪ 'ਚ ਪ੍ਰਗਟਾਅ ਦਾ ਮੂਲ ਸ੍ਰੋਤ ਹੈ ਮੇਰੀ ਜੀਵਨ-ਸਾਥਣ, ਜਿਸ ਨੂੰ ਚਿਤਵਨ ਲਈ ਮੈਂ ਸ਼ਬਦਾਂ ਦੀ ਘਾਟ ਮਹਿਸੂਸ ਕਰਦਾ ਹਾਂ।

ਸੂਰਤ ਤੋਂ ਕਿਤੇ ਵੱਧ ਸੁੰਦਰ, ਸੀਰਤ ਦੀ ਮਾਲਕ, ਪੰਜਾਬ, ਕੁਰੂਕਸ਼ੇਤਰ ਅਤੇ ਮਦਰਾਸ ਯੂਨੀਵਰਸਿਟੀਆਂ ਦੀ ਸਿੱਖਿਅਤ, ਵਿਭਾਗ ਮੁਖੀ ਅਹੁਦੇ ਤੋਂ ਸੇਵਾ-ਮੁਕਤ ਸਵੈ-ਮਾਣ ਭਰਪੂਰ ਪਿਆਰੀ ਸਤਿਕਾਰਤ ਪ੍ਰੋਫ਼ੈਸਰ, ਮਦਦਗਾਰ ਸਹੇਲੀ, ਸਲਾਹਕਾਰ, ਸਮਾਜਿਕ ਰਿਸ਼ਤਿਆਂ ਦੀ ਕਦਰਦਾਨ, ਸਮਝਣ ਸਮਝਾਉਣ ਅਤੇ ਨਿਭਾਉਣ ਵਾਲੀ ਦੋ ਭਰਾਵਾਂ ਦੀ ਲਾਡਲੀ ਛੋਟੀ ਤੇ ਦੋ ਭੈਣਾਂ ਦੀ ਵੱਡੀ ਭੈਣ ਬਹੁਪੱਖੀ ਸ਼ਖ਼ਸੀਅਤ ਸੀ ਮੇਰੀ ਹਮਸਫ਼ਰ ਹਰਭਜਨ ਕੌਰ ਸੰਘਾ, M.A., MLIS, ਮੇਰੀ ਹੋਂਦ ਉਸ ਦੀ ਜੀਵਨ ਘਾਲਣਾ ਅਤੇ ਪਿਆਰ ਦਾ ਅਕਸ ਹੀ ਤਾਂ ਹੈ।

ਹੱਥਲੀ ਰਚਨਾ ਦਾ ਪਹਿਲਾ ਅਤੇ ਤੀਜਾ ਭਾਗ ਮਿਲਣ ਅਤੇ ਵਿੱਛੜਨ ਦੇ ਸੰਜੋਗ ਵਿਯੋਗ ਦਾ ਹੁਲਾਸ ਜਦਕਿ ਦੂਜਾ ਭਾਗ ਜੀਵਨ ਦੇ ਝੱਲੇ ਠੱਕੇ ਅਤੇ ਮਾਣੇ ਠੰਢੇ-ਤੱਤੇ ਬੁੱਲੇ।

ਨਿਮਰਤਾ ਅਤੇ ਸਤਿਕਾਰ ਸਹਿਤ,

**ਬਲਬੀਰ ਸਿੰਘ ਸੰਘਾ**

# ਧੰਨਵਾਦ

ਜੀਵਨ ਅਹਿਸਾਸ ਅਤੇ ਭਾਵਨਾਵਾਂ ਨੂੰ ਸ਼ਬਦ ਚਾਸ਼ਣੀ 'ਚੋਂ ਹੋ ਕਿਤਾਬੀ ਰੂਪ ਵਿਚ ਆਉਣ ਦਾ ਕਾਰਨ ਜਿੱਥੇ ਪਰਿਵਾਰਕ ਚਾਅ ਅਤੇ ਰੀਝ ਸ਼ਕਤੀ ਹੈ, ਉਥੇ ਬੀਬਾ ਪਵਨਵੀਰ ਕੌਰ ਕਾਹਲੋਂ, ਪਵਨ ਰੇਹਿਲ, ਡਾ. ਹਰਪ੍ਰੀਤ ਕੌਰ ਚੀਮਾ ਅਤੇ ਬੇਟੀ ਹਰਸੁਖਪਾਲ ਸੰਘਾ ਸਤਿਕਾਰ ਤੇ ਧੰਨਵਾਦ ਦੀਆਂ ਪਾਤਰ ਹਨ ਜਿਨ੍ਹਾਂ ਦਾ ਸਹਿਯੋਗ ਸ਼ਲਾਘਾਯੋਗ ਹੈ।

ਕਾਵਿ-ਰਚਨਾ ਤੋਂ ਅਣਜਾਣ ਸਾਹਿਤਕ ਖੇਤਰ 'ਚ ਬੇਪਛਾਣ ਖਿੰਡੇ-ਪੁੰਡੇ ਵਿਅਕਤਿਤੱਵ ਨੂੰ ਲਿਖਣ ਵੱਲ ਤੋਰਨ ਦੇ ਪ੍ਰੇਰਨਾ ਸ੍ਰੋਤ ਪੰਜਾਬੀ, ਉਰਦੂ ਤੇ ਅੰਗਰੇਜ਼ੀ ਦੇ ਵਿਦਵਾਨ ਸਾਹਿਤਕਾਰ ਸ. ਸੁਰਜੀਤ ਸਿੰਘ ਭੁੱਲਰ, ਇਤਿਹਾਸਕਾਰ ਹਰਭਜਨ ਸਿੰਘ ਚੀਮਾ ਜੀ ਦੀ ਹੌਸਲਾ-ਅਫ਼ਜ਼ਾਈ ਅਤੇ ਅਗਵਾਈ ਅੱਗੇ ਸਿਰ ਝੁਕਦਾ ਹੈ, ਉਥੇ ਮਾਣ ਹੁੰਦਾ ਹੈ ਸਾਹਿਤਕਾਰ ਬਲਬੀਰ ਮਾਧੋਪੁਰੀ ਉਤੇ, ਜਿਸਦੀ ਬਦੌਲਤ ਉੱਘੜ-ਦੁੱਘੜ ਸ਼ਬਦਾਂ ਦਾ ਪੁਸਤਕ ਰੂਪ ਤੁਹਾਡੇ ਹੱਥਾਂ ਵਿਚ ਦੇਖਣ ਅਤੇ ਸਾਹਿਤਕ ਝਰੋਖੇ/ਖੇਤਰ ਵਿਚ ਝਾਕਣ ਦਾ ਸੁਭਾਗ ਪ੍ਰਾਪਤ ਹੋਇਆ।

**ਬਲਬੀਰ ਸਿੰਘ ਸੰਘਾ**
ਐਡਵੋਕੇਟ



ਹਰਬੀਰ ਸਿੰਘ ਸੰਘਾ-ਅਜੀਤਪਾਲ ਕੌਰ ਸੰਘਾ (ਮੇਹਰ-ਮਾਹੀ)



ਸੁਖਬੀਰ ਸਿੰਘ ਸੰਘਾ-ਕਿਰਨਜੀਤ ਕੌਰ ਸੰਘਾ
(ਨਸੀਬ-ਸੰਸਾਰ)ਹਰਸੁਖਪਾਲ ਕੌਰ ਸੰਘਾ



ਪਰਿਵਾਰ ਦੀ ਤਸਵੀਰ



ਬਲਬੀਰ ਸਿੰਘ ਸੰਘਾ ਪਤਨੀ ਹਰਭਜਨ ਕੌਰ ਸੰਘਾ ਨਾਲ



ਸੰਘਾ ਪਰਿਵਾਰ



ਚੀਮਾ ਪਰਿਵਾਰ



↑
ਸਰੀ, ਕਨੇਡਾ
ਵਿਚਲਾ ਘਰ



ਮਾਧੋਪੁਰ (ਪੱਕਿਆਂ ਵਾਲਿਆਂ ਦਾ) ਵਿਚ, ਟਿੱਬੇ ਵਾਲਾ ਘਰ